"The Clean Air Coalition of SC is encouraged that the major parties and some candidates responded favorably to our questions on tobacco use". We look forward to working with the new government to make it harder for children and youth to start smoking, easier for them to quit and eliminating exposure to tobacco smoke," added McDonald, The Unity Party was asked for their answers on several occasions but they did not provide any responses to the questions.

ਮੇਰੀ ਪ੍ਰੇਰਣਾਂ (ਪਵਨ ਗਿਲਾਂ ਵਾਲਾ)

ਮੇਰੀ ਮਾਂ ਹੀ ਮੇਰੀ ਪ੍ਰੇਰਣਾ ਹੈ।

ਉਸਦੀ ਪਹਿਲੀ ਪ੍ਰੇਰਣਾ, ਜਿਸਨੇ ਮੈਨੂੰ ਬੋਲਣਾ ਸਿਖਾਇਆ।

ਦੂਜੀ ਪ੍ਰੇਰਣਾ, ਜਿਸਨੇ ਮੈਨੂੰ ਪੜ੍ਹਨਾ ਸਿਖਾਇਆ।

ਤੀਜੀ ਪ੍ਰੇਰਣਾ, ਜਿਸਨੇ ਵੱਡਿਆਂ ਦਾ ਆਦਰ ਕਰਨਾ ਸਿਖਾਇਆ।

ਚੌਥੀ ਪ੍ਰੇਰਣਾ, ਜਿਸਨੇ ਮੈਨੂੰ ਆਪਣੇ ਪੈਰਾਂ ਤੇ ਖੜ੍ਹਨਾ ਸਿਖਾਇਆ।

ਪੰਜਵੀਂ ਪ੍ਰੇਰਣਾ, ਜਿਸਦੇ ਕਾਰਨ ਮੈਂ ਆਪਣੇ-ਆਪ ਨੂੰ ਪਛਾਨਣ ਦੇ ਕਾਬਿਲ ਹੋਇਆ ਤੇ ਅੱਜ ਮੈਂ ਆਪਣੇ ਆਪ ਨੂੰ ਮਹਿਸੂਸ ਕਰ ਸਕਦਾ ਹਾਂ ਕਿ ਮੇਰਾ ਵਜੂਦ ਕੀ ਹੈ।

ਅਜਿਹੀਆਂ ਬਹੁਤ ਹੀ ਪ੍ਰੇਰਣਾਵਾਂ ਹਨ ਜਿਨ੍ਹਾਂ ਨੂੰ ਗਿਣਦੇ ਗਿਣਦੇ ਮੇਰੇ ਅਲਫਾਜ਼ ਮੁੱਕ ਸਕਦੇ ਹਨ ਪਰ ਮੇਰੇ ਬੁੱਲ੍ਹ ਕਦੇ ਨਹੀਂ ਥੱਕ ਸਕਦੇ। ਜੋ ਮੇਰੀ ਰਗ-ਰਗ ਦੇ ਵਿਚ ਖੂਨ ਬਣਕੇ ਚਲ ਰੰਹੀਆਂ ਹਨ ਤੇ ਮੇਰੀ ਜਿੰਦਗੀ ਵਿੱਚ ਮੇਰੇ ਸਾਏ ਦੀ ਤਰਾਂ, ਮੇਰੇ ਹਰ ਇਕ ਮੋੜ ਤੇ ਹਰ ਇਕ ਲਮੇਰੇ, ਹਰ ਇਕ ਸਾਹ ਤੇ ਮੇਰੇ ਨਾਲ ਚਲਦੀਆਂ ਹਨ।

ਮੇਰੀ ਮਾਂ ਹੀ ਮੇਰੇ ਲਈ ਦੁਨੀਆਂ ਦੀ ਸਭ ਤੋਂ ਵੱਡੀ ਪ੍ਰੇਰਣਾ ਹੈ, ਜਿਸਦੇ ਅੱਗੇ ਇਹ ਧਰਮ, ਜਾਤ-ਪਾਤ, ਰੱਬ, ਈਸ਼ਵਰ, ਰਾਮ, ਅੱਲਾ, ਤੇ ਵਾਹਿਗੁਰੂ ਸੰਭ ਛੋਟੇ ਹਨ, ਕਿਉਂਕਿ ਜੇ ਉਹ ਮੈਨੂੰ ਇਨ੍ਹਾਂ ਬਾਰੇ ਕੁਝ ਪ੍ਰੇਰਤ ਨਾ ਕਰਦੀ ਤਾਂ ਸ਼ਾਇਦ ਮੈ ਇਨ੍ਹਾਂ ਨੂੰ ਕਦੀ ਵੀ ਨਾ ਜਾਣ ਸਕਦਾ।

ਇਕ ਸਭ ਤੋਂ ਵੱਡੀ ਦੇਣ ਇਹ ਵੀ ਹੈ ਕਿ ਉਸਨੇ ਮੈਨੂੰ ਆਪਣੇ ਸਰੀਰ ਦਾ ਇਕ ਅੰਗ ਬਣਾਕੇ ਇਹ ਜੀਵਨ ਦਾਨ ਦਿੱਤਾ, ਜੋ ਹਮੇਸ਼ਾਂ ਉਸਦਾ ਰਿਣੀ ਰਹੇਗਾ।

OVERSEAS IMMIGRATION AND CONSULTING SERVICES

Sarb Bains
OFFICE PH:
502-8887
FAX:
543-3749
Surrey BC

ਓਵਰਸੀਜ਼ ਇਮੀਗਰੇਸ਼ਨ ਅਤੇ ਕਨਸਲਟਿੰਗ ਸੇਵਾਵਾਂ

- Family Sponsorship
- Immigration of Adopted Children
- Domestic Servants (Live-in-Nanny)
- Independent Class (Point System)
- Humanitarian Cases
- Refugee Claims & Appeals
- Visitor and Student Visas
- Business Class Applications
- Disability and Old Age Pensions
- UIC, WCB and Welfare Appeals
- Resumes
- Personal Income Tax
- ICBC Interpretation

ਇਮੀਗਰੇਸ਼ਨ ਦੇ ਸਭ ਤਰ੍ਹਾਂ ਦੇ ਕੇਸਾਂ ਨੂੰ ਹਲ ਕਰਨ ਬਾਰੇ ਸਾਡਾ ਦਸ ਸਾਲ ਦਾ ਤਜਰਬਾ ਹੈ। ਤੁਹਾਡੀ ਕੋਈ ਵੀ ਸਮੱਸਿਆ ਹੋਵੇ, ਕੋਈ ਗਲ ਨਹੀਂ। ਅਸੀਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ। ਕਿਸੇ ਵੀ ਕੇਸ ਬਾਰੇ ਡਿਸਕਸ ਕਰਨ ਲਈ ਸਰਬ ਬੈਂਸ ਨੂੰ ਫੋਨ ਕਰੋ ਤੁਹਾਡੇ ਕੋਲ ਕਈ ਵਖ ਵਖ ਆਪਸ਼ਨ੍ਹਾਂ ਹੋ ਸਕਦੀਆਂ ਹਨ।

ALL TYPES OF APPEALS HANDLED

FOR FAST, RELIABLE AND DEPENDABLE SERVICE
Office Hours: Monday to Friday 9:30am - 4:30pm
PUNJABI, HINDI & ENGLISH Spoken
by appointment only
BEST RATES GUARANTEED

ਜਵੰਧਾ ਹੋਮਿਓਪੈਥਿਕ ਕਲੀਨਿਕ

BALWANT SINGH JAWANDHA
(Homeopathic Consultant)
B.A. (Pb) D.H.M.S. Pb (INDIA)
R.A.S.M. Pb. & Hya (INDIA)
Member W.C.H.S. (B.C.) CANADA
Member; Canadian Association of Homeopathic Physicians

JAWANDHA HOMEOPATHIC CLINIC
3667, NEW CASTLE DR., ABBOTSFORD
Tel: (604) 556-7751

ਜਿਵੇਂ:
ਸੁਗਰ, ਪਿਸ਼ਾਬ ਵਿੱਚ ਜਲਨ, ਪੀਰਅਾਦਿ, ਗੋਡਿਅਾਂ, ਸੰਟਾ ਦੇ ਦਰਦ, ਜੋੜਾਂ ਦੇ ਦਰਦ,(Back Pain), ਪਥਰੀਅਾਂ (ਗੁਰਦੇ, ਪਿਤੇ, ਮਸ਼ਾਨੇ ਆਦਿ ਵਿਚ), ਜ਼ੁਕਾਮ, ਅਲਰਜੀ, ਖਾਂਸੀ, ਕਾਲੀ ਖਾਂਸੀ, ਦਮਾ ਆਦਿ, ਜਨਾਨਾਂ ਅਤੇ ਮਰਦਾਨਾ ਬਿਮਾਰੀਅਾਂ ਗੁਪਤ ਰੋਗ

ਮਾਨਸਿਕ ਰੋਗ, ਚਿੰਤਾ, ਘਬਰਾਹਟ, ਪੇਟ ਦੇ ਰੋਗ, ਪੇਟ ਦਰਦ, ਖੰਟੇ ਡਕਾਰ ਆਦਿ, ਜਿਗਰ, ਦਿਲ ਦੇ ਰੋਗ, ਬਲੰਡ ਪਰੈਸ਼ਰ ਘੱਟ ਜਾਂ ਵੱਧ, ਚਮੜੀ ਰੋਗ, ਮੋਕੇ, ਮੂੰਹ ਤੇ ਕਿਲ ਛਾਲੀਅਾਂ, ਸਰੀਰ ਦੇ ਕਿਸੇ ਹਿਸੇ ਵਿਚ ਰਸੌਲੀ, ਸਰੀਰਕ ਮੋਟਾਪਾ ਆਦਿ ਬਿਮਾਰੀਅਾਂ ਦੇ ਸੰਬੰਧ ਵਿੰਚ ਮਿਲ ਸਕਦੇ ਹੋ

ਨੋਟ :
1. All Patients MUST bring picture I.D.
2. We practice only Homeopathic remidies.
3. After consultation, patients receive, sealed/original packed Remedies by the company
4. Homeopathic remedies are not sold here.
ਸਮਾਂ-9.00 ਤੋਂ 4.00 ਵਜੇ ਤਕ

ONLY ONE OF ITS KIND IN ABBOTSFORD

ਬਲਵੰਤ ਸਿੰਘ ਜਵੰਧਾ
Certified Homeopathic Physician from Punjab, India over 30 years experience
ਮਿਲਣ ਲਈ ਅੱਜ ਹੀ appointment ਬਣਾਉ

Quizno's SUBS

ਕੁਇਜ਼ਨੋਜ਼ ਵਿਚ ਆਕੇ ਗਰਮ ਗਰਮ ਸੈਂਡਵਿਚ ਦਾ ਆਨੰਦ ਲਓ

ਕੁਇਜ਼ਨੋਜ਼ 'ਤੇ ਦਰਸ਼ਨ ਦਿਓ *(ਸਟੇਪਲਜ਼ ਦੇ

Charlesworth
Insurance Services Ltd.

For all of your insurance needs!

• Home • Business • Commercial • Tenants • Condo • Cargo
• Fleets • Mortgage • Life • Travel • Auto • Monthly Payment Plans

Low Rates — Mature Discount (45 years old +) — New Home Discount
Senior Discount — Claims Free Discount — Burglar Alarm Discount

• Life Insurance Services • Seg. Funds • RRSP's • Disability
• Group Plans • Estate Planning • Rif's • Educational Plans

Diana Morphy (Manager) Cell: 309-2767
Amrik Gill Cell: 309-3568 Res: 855-1548

ਤਾਜ਼ਾ ਖਬਰ: ਹੁਣ ਅਸੀਂ ਵਿਆਹ ਦੇ ਲਾਈਸੈਂਸ ਭੀ ਜਾਰੀ ਕਰਦੇ ਹਾਂ
ਅਸੀਂ ਪੰਜਾਬੀ ਤੇ ਹਿੰਦੀ ਵੀ ਬੋਲਦੇ ਹਾਂ ਜੀ

Phone: (604) 852-2565
Fax: (604) 852-2996

HOURS OF OPERATION
9 AM - 9 PM MON TO FRI
9 AM - 6 PM SAT
10 AM - 5 PM SUNDAY & HOLIDAYS

Autopian 12

1A-32465 South Fraser Way, Abbotsford, BC V2T 1X4

COMMUNITY FUTURES DEVELOPMENT CORP. OF NORTH FRASER

STARTING A BUSINESS? EXPANDING YOUR BUSINESS? NEED MONEY, ADVICE? HAVE QUESTIONS?

CHANCES ARE WE CAN HELP!!!

COMMUNITY FUTURES DEVELOPMENT CORPORATION OF NORTH FRASER OFFERS:

√ • Business Development: Developing and expanding capital through repayable loans, and providing technical counselling advice to small businesses in the District of Mission, Agassiz and Harrison Hot Springs

√ • Self Employment Program: Anyone living in the Fraser Valley who has had a regular Employment Insurance claim in the last 3 years, or a maternity/parental claim in the last 5 years, can apply. The SE program is designed to assist potential entrepreneurs.

√ • Community Development: Bringing people of various groups and interests together for serious discussion of community issues and opportunities through assistance in facilitating the flow of decision, activities, goals and objectives.

ਕਾਰੋਬਾਰ ਜਾਂ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੇ ਹੋ?
ਆਪਣੇ ਕਾਰੋਬਾਰ ਜਾਂ ਬਿਜ਼ਨਸ ਦਾ ਵਿਸਥਾਰ ਕਰਨਾ ਚਾਹੁੰਦੇ ਹੋ?
ਪੈਸੇ ਜਾਂ ਸਲਾਹ ਦੀ ਲੋੜ ਹੈ? ਕੁਝ ਪੁੱਛਣਾ ਚਾਹੁੰਦੇ ਹੋ?
ਸ਼ਾਇਦ ਅਸੀਂ ਤੁਹਾਡੀ ਮੱਦਦ ਕਰ ਸਕੀਏ!!
ਕਮਿਊਨਟੀ ਫਿਊਚਰਜ਼ ਡਿਵੈਲਪਮੈਂਟ ਕਾਰਪੋਰੇਸ਼ਨਜ਼ ਵਲੋਂ ਪੇਸ਼ਕਸ਼:

☐ *ਕਾਰੋਬਾਰ ਜਾਂ ਬਿਜ਼ਨਸ ਦੇ ਵਾਧੇ ਲਈ:* ਮੌਜਦਾ ਵਾਲੇ ਕਰਜ਼ਿਆਂ ਰਾਹੀਂ ਤੁਹਾਡੀ ਪੂੰਜੀ ਦਾ ਵਾਧਾ ਕਰਨਾ, ਮਿਸ਼ਨ, ਐਗਾਸਿਜ਼ ਅਤੇ ਹੈਰੀਸਨ ਜਾਟ ਸਪਰਿੰਗਜ਼ ਦੇ ਜ਼ਿਲ੍ਹਿਆਂ ਵਿਚ ਛੋਟੇ ਕਰੋਰੋਬਾਰਾਂ ਜਾਂ ਧੰਦਿਆਂ ਨੂੰ ਤਕਨੀਕੀ ਸਿਖਿਆ ਜਾਂ ਸਲਾਹ ਦੇਣਾ।

☐ *ਸਵੈ-ਰੋਜ਼ਗਾਰ ਦੇ ਪ੍ਰੋਗਰਾਮ:* ਜੋ ਪਿਛਲੇ ਤਿੰਨ ਸਾਲ ਤੋਂ ਯੂ.ਆਈ. ਤੇ ਹੋਰੋ ਜਾਂ ਪਿਛਲੇ ਪੰਜਾਂ ਸਾਲਾਂ ਵਿਚ ਮੈਟਰਨਟੀ ਜਾਂ ਪੇਰੈਂਟਲ ਕਲੇਮ ਕੀਤਾ ਹੋਵੇ, ਉਹ ਅਰਜ਼ੀ ਦੇ ਸਕਦਾ ਹੈ। ਐਸ.ਈ. ਪ੍ਰੋਗਰਾਮ ਸੰਭਵੀ ਉਦੱਮਕਰਤਿਆਂ (ਇਨਟਰਪ੍ਰਨਿਊਰਜ਼) ਲਈ ਮਿਥਿਆ ਗਿਆ ਹੈ

☐ *ਕਮਿਊਨਟੀ ਦੀ ਉਨੱਤੀ ਲਈ:* ਕਮਿਊਨਿਟੀ ਨੂੰ ਦਰਪੇਸ਼ ਮਸਲਿਆਂ ਬਾਰੇ ਭਾਤ ਸੁਭਾਤੇ ਤੇ ਵੱਖਰੇ ਹਿਤ ਰੱਖਣ ਵਾਲੇ ਗਰੁੱਪਾਂ ਨੂੰ ਸੰਜੀਦਾ ਗੰਲਬਾਤ ਲਈ ਇਕੱਠੇ ਕਰਨਾ ਅਤੇ ਉਨ੍ਹਾਂ ਲਈ ਫੈਸਲੇ ਲੈਣਾ। ਕਾਰ, ਮੰਤਵ ਅਤੇ ਨਿਸ਼ਾਨੇ ਮਿਥਣ ਲਈ ਮੌਕੇ ਪੈਦਾ ਕਰਨ ਵਿਚ ਸਹਾਇਤਾ ਕਰਨਾ।

ਕਮਿਊਨਿਟੀ ਫਿਊਚਰਜ਼ ਡਿਵੈਲਪਮੈਂਟ ਕਾਰਪੋਰੇਸ਼ਨਜ਼ ਆਫ ਨਾਰਥ ਫਰੇਜ਼ਰ

32388 Fletcher Avenue, Mission, B.C. • V2V 5T1
Ph: (604) 826-6252 • Fax(604) 826-0052

PASSENGERS ON AIR CANADA FLIGHT EXPOSED TO RED MEASLES

Public health offidals have identified that passengers on Air Canada Flight Fl .0004 from Tokyo to Vancouver, arriving in Vancouver at 10:00 am on May 5, have been exposed to red measles (rubeola).

The early symptoms of measles are fever, dry cough, runny nose, and sore, light-sensitive red eyes, followed by a very red rash that starts behind the ears and then spreads to the face, then to the rest of the body.

This is of concern only to people who are not immune- "You are very likely immune and protected if you have had two doses of measles vaccine in your lifetime, or have had red measles disease in the past," said Dr Rob Parker, Deputy Medical Health officer for the Simon Fraser Health Region.

"If you were on AC Flight Fl .0004 on Maya— and you are not immune to red measles — you may come down with red measles, with symptoms starting any time between May 11 to May23," Parker said.

If you develop the symptoms of red measles between May 11 - 23 you are advised to stay home and phone your doctor, so you can arrange to be seen without spreading the virus to others "Please do not go to a clinic or emergency department waiting room where you may spread the virus to other people," Parker said- People with suspect measles are also advised to contact their local public health unit-

"If you haven't been around anyone with measles but you are not immune to measles, this would be a really good time to be immunised," Parker added. Contact your local health unit or physician to arrange immunization.

YOU CAN CONSIDER YOURSELF IMMUNE TO MEASLES IF YOU:

have had measles in the past, diagnosed by a doctor, or

were born before 1956 (because so much wild measles was going around back then), or

were born between 1956 and 1969 and have had at least one dose of measles-containing vaccine (because some wild measles was going around then), or

have had two doses of measles-containing vaccine.

You should be aware that measles (also called red measles, or rubeola) is a DIFFERENT disease from German measles (rubella) and from roseola infantum (which is sometimes called "baby measles"). Having had German measles or mseola does NOT make you immune to red measles.

WHAT SHOULD I DO IF I THINK I MIGHT HAVE MEASLES?

If you have 2-3 days of fever, sore eyes, runny nose, and dry cough, and then start to get the kind of rash described above, you MIGHT have measles. Call your doctor's office to arrange to be checked out. Don't go out anywhere until you know for sure that you DON'T have measles. And DON'T go and mingle with the crowd in a waiting room, whether its at your doctor's office or at the hospital, because if you DO have measles, you could infect other people in the waiting room-

WHAT SHOULD I DO IF I THINK I HAVE BEEN IN CONTACT WITH SOMEBODY WITH MEASLES AND I'M NOT IMMUNE TO MEASLES?

Call your local public health unit as soon as possible to arrange to be immunized against measles.

WHAT IS PUBLIC HEALTH DOING ABOUT THE MEASLES?

All children born in SC should have had 2 doses of measles vaccine. (irs part of the MMR vaccine, given at 1 year and 18 months of age, which protects against measles, mumps, and rubella.)

For Better Results
Advertise In the
Punjabi Patrika
CALL 852-2288 NOW!!

ਸਟਾਪ ਪ੍ਰੈਸ

* ਆਰ.ਕੇ. ਨਰਾਇਣਨ 95 ਸਾਲ ਦੀ ਆਯੂ ਭੋਗ ਕੇ ਸੁਰਗਵਾਸ ਹੋ ਗਏ, ਉਹ ਅੰਗਰੇਜ਼ੀ ਦੇ ਉਘੇ ਨਾਵਲਕਾਰ ਸਨ ਅਤੇ ਗਾਈਡ ਫਿਲਮ ਉਸਦੇ ਹੀ ਨਾਵਲ ਉਤੇ ਅਧਾਰਤ ਸੀ। ਉਹ ਪ੍ਰਸਿੱਧ ਕਾਰਟੂਨਿਸਟ ਆਰ.ਕੇ. ਲਕਸ਼ਮਣ ਦੇ ਭਰਾ ਸਨ।

* ਭਾਰਤ ਵਿਚ ਚਾਰ ਰਾਜਾਂ ਦੀਆਂ ਚੋਣਾਂ ਵਿਚ ਬੀ.ਜੇ.ਪੀ. ਅਤੇ ਉਸਦੀਆਂ ਸਹਿਯੋਗੀ ਪਾਰਟੀਆਂ ਨੂੰ ਕਰਾਰੀ ਹਾਰ। ਤਾਮਲਨਾਡੂ ਵਿਚ ਅਨਾ.ਡੀ.ਐਮ.ਕੇ. ਦੋ ਤਿਹ ਸੀਟਾਂ ਲੈਕੇ ਜਿਤੀ। ਕਾਂਗਰਸ ਆਸਾਮ ਅਤੇ ਕੇਰਲਾ ਵਿਚ ਜਿਤੀ ਅਤੇ ਪਾਂਡੀ ਚਿਰੀ ਵਿਚ ਅਨਾ.ਡੀ.ਐਮ.ਕੇ. ਕਾਂਗਰਸ ਮੁਹਾਜ ਜੇਤੂ। ਬੰਗਾਲ ਵਿਚ ਮਾਰਕਸਵਾਦੀ ਕਮਿਉਨਿਸਟ ਲਗਾਤਾਰ ਛੇਵੀਂ ਵਾਰ ਦੋ

ਤਿਹਾਈ ਬਹੁਸੱਮਤੀ ਨਾਲ ਜੇਤੂ ਰਹੇ। ਯਾਦ ਰਹੇ ਕਿ ਖਬੇ ਪਖੀ ਫਰੰਟ ਪਿਛਲੇ 24 ਸਾਲਾਂ ਤੋਂ ਲਗਾਤਾਰ ਜੇਤੂ ਚਲਿਆ ਆ ਰਿਹਾ ਹੈ।

* ਤਮਲਨਾਡੂ ਵਿਚ ਜੈਰਾਮ ਜੈਲਲਿਤਾ ਨੇ ਮੁਖਮਤ੍ਰੀ ਦੇ ਅਹੁਦੇ ਦੀ ਸਹੁੰ ਚੁਕ ਲਈ ।

* ਲੋਕ ਸਭਾ ਦੀਆਂ ਤਿਨੇ ਹੀ ਸੀਟਾਂ ਲੋਕ ਮੋਰਚੇ ਦੇ ਹਕ ਵਿਚ, ਯੂ.ਪੀ. ਤੋਂ ਸਮਾਜਵਾਦੀ ਪਾਰਟੀ ਜੇਤੂ, ਬੰਗਾਲ ਤੋਂ ਸੀ.ਪੀ.

ਆਈ. ਦਾ ਉਮੀਦਵਾਰ ਇਕ ਲੱਖ ਤੋਂ ਵਾਧੂ ਵੋਟਾਂ ਨਾਲ ਜਿਤਿਆ ਅਤੇ ਮਦਰਾਸ ਦੀ ਸੀਟ ਅਨਾ. ਡੀ. ਐਮ. ਕੇ. ਨੇ ਜਿਤ ਲਈ ।

ਸੰਖੇਪ ਪਰ ਵਿਸ਼ੇਸ਼

* ਭਾਰਤੀ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਭਰੂਣ ਟੈਸਟਾਂ ਵਿਰੁਧ ਸਖਤ ਕਾਰਵਾਈ ਕਰਨ ਦੀਆਂ ਹਦਾਇਤਾਂ ਦਿਤੀਆਂ ਹਨ।

* ਭਾਰਤੀ ਫੌਜਾਂ ਵਲੋਂ ਫੌਜੀ ਮਸ਼ਕਾਂ ਜੋ ਰਾਜਸਥਾਨ ਵਿਚ ਕੀਤੀਆਂ ਗਈਆਂ ਦੌਰਾਨ ਇਕਰਿਾਗ ਲੜਾਕਾ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਪਾਈਲਟ ਦੀ ਮੌਤ ਹੋ ਗਈ। ਪਿਛਲੇ ਤੇਰਾਂ ਸਾਲਾਂ ਪਿਛੋਂ ਇਹ ਸਭ ਤੋਂ ਵਡੀ ਫੌਜੀ ਮਸ਼ਕ ਸੀ।

* ਪਾਕਿਸਤਾਨ ਨੇ ਵੀ ਭਾਰਤ ਦੀ ਰੀਸ ਨਾਲ ਫੌਜੀ ਮਸ਼ਕਾਂ ਸ਼ੁਰੂ ਕਰ ਦਿਤੀਆਂ।

* ਬੰਗਲਾ ਦੇਸ਼ ਦੀ ਪ੍ਰਧਾਨ ਮੰਤ੍ਰੀ ਸ਼ੇਖ ਹੁਸੀਨਾ ਨੇ ਆਖਿਆ ਕਿ ਜੇ ਭਾਰਤ ਹਮਲਾ ਕਰੇਗਾ ਤਾਂ ਅਸੀਂ ਉਸਦਾ ਟਾਕਰਾ ਕਰਨ ਦੇ ਸਮਰਥ ਹਾਂ।

* ਭਾਰਤ ਰੂਸ ਵਿਚ ਅਮਰੀਕਾ ਦੀ ਬਲਾਸਟਕ ਮਿਜਾਇਲ ਸੁਰੱਖਿਆ ਯੋਜਨਾ ਬਾਰੇ ਮਤਭੇਦ। ਭਾਰਤ ਨੇ ਰੂਸ ਦਾ ਸਾਥ ਛੱਡਿਆ। ਅਮਰੀਕਾ ਨਾਲ ਸਹਿਮਤੀ।



Neelam Brar celebrated her Ninth Birthday on May 12th, 2001 with her friends. Behind her is Navjot Brar.

Sabh ki Shanti
ਲੋਤ ਵੋਲੋ ਤੁਹਾਨੂੰ ਸ਼ਾਂਤੀ ਦੇਣ ਲਈ"
$10.00 off your next service for giving us a referral

Our Services
• Immigration — Documentation/Applications • Personal Forms & Applications
• EI, ICBC, WCB Claims, Dispute & Appeals • Small Claims Matters • Legal Forms

ਗੁਪਤ ਸਲਾਹ ਲਈ ਫੋਨ ਕਰੋ (604) 864-8501
"ਅਸੀਂ ਵਕੀਲ ਨਹੀਂ ਹਾਂ, ਕਨਸਲਟੈਂਟ ਹਾਂ"



Sabh ki Shanti
30743 Curlew Dr. Abby, BC

ਐਬਸਫੋਰਡ ਵਿੱਚ ਖੁੱਲ ਗਿਆ ਹੈ ਮੋਗੇ ਵਾਲਿਆਂ ਦਾ ਗਹਿਣਿਆਂ ਦਾ ਸ਼ੋਅ ਰੂਮ

ਚਮਕੌਰ ਜਿਊਲਰਜ਼ ਇੰਕ.
ਮੋਗੇ ਵਾਲੇ ਪਿੰਡ ਕੋਕਰੀ

* 22 ਅਤੇ 24 ਕੈਰਟ ਦੇ ਗਹਿਣੇ
* ਚਾਂਦੀ ਦੀਆਂ ਗਿਫਟ ਆਈਟਮਾਂ
* ਸੋਨੇ ਦੇ ਬਿਸਕੁਟ ਬੈਂਕ ਰੇਟ
* ਬਰਥ ਸਟੋਨ
* ਅਪਰੇਜ਼ਲ
* ਮੁਰੰਮਤ
* ਘੜੀਆਂ
* ਇੰਡੀਆ ਵਿਖੇ 24 ਘੰਟਿਆਂ 'ਚ ਪੈਸੇ ਭੇਜੇ ਜਾਂਦੇ ਹਨ

* SILVER GIFT ITEMS
* GOLD BARS ON BANK RATE
* BIRTH STONE
* APPRAISAL
* WATCHES
* MONEY EXCHANGE TO INDIA WITH IN 24 HOURS

ਸਾਡੇ ਕੋਲੋਂ ਖਰੀਦੇ ਗਹਿਣੇ ਦੀ ਮੁਫਤ ਅਪਰੇਜ਼ਲ ਕਰਦੇ ਹਾਂ।

CHAMKAUR JEWELLERS INC.
PH/FAX: (604)557-0096
#107-32988 SOUTH FRASER WAY, ABBOTSFORD, B.C.
ਹੋਰ ਜਾਣਕਾਰੀ ਲਈ ਚਮਕੌਰ ਸਿੰਘ ਜਾਂ ਰਾਜਨ ਨੂੰ ਫੋਨ ਕਰੋ:
(604)807-0533
INDIA ADDRESS: CHAMKAUR JEWELLERS MANDI GATE-SARFAN, BAZAR MOGA, PUNJAB
PH: 91-1636-20363
ਨੋਟ:ਇਥੇ ਪੈਸੇ ਦੇ ਕੇ ਸਾਡੀ ਇੰਡੀਆ ਵਾਲੀ ਦੁਕਾਨ ਤੋਂ ਤੁਸੀਂ ਸੋਨਾ ਚੁੱਕ ਸਕਦੇ ਹੋ।
All Silver 50% OFF ਚਾਂਦੀ ਤੇ 50% ਔਫ

CLARICA™

• Life Insurance
• Disability Income
• Dental & Extended Health
• RRSP's & RESP's*
• Mutual Funds*

Rock Hutsul BA CFP CLU CHFC (ext 231)
Jas Oberoi (ext 232)
Gurbachan Aujla Cell: 835-9417 Home: 504-1657 (ext 234)

(604) 854-6959
2692 Clearbrook Road, Suite 201, Abbotsford, BC

ਐਬਟਸਫੋਰਡ ਾਚ ਤੁਹਾਡਾ ਆਪਣਾ ਦੰਦਾਂ ਦਾ ਕਲਿਨਿਕ

Dr. Manjinder Saini Inc.
-Dentist-

ਨਵੇਂ ਅਤੇ ਐਮਰਜੰਸੀ ਮਰੀਜ਼ਾਂ ਲਈ ਸੇਵਾਵਾਂ ਹਾਜ਼ਰ। ਅਸੀਂ ਅੰਗ੍ਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ।
New patients and emergency walk-ins welcome! We speak English, Punjabi, Hindi & Urdu.

Working Hours Mon - Sat 10:00am - 9:00pm
Sun 10:00am - 5:00pm

We are above *Subway* at the 5 corner junction on South Fraser Way, just a 5 minute walk from the Sikh Temple.

-ਗੁਰਦੁਆਰੇ ਤੋਂ ਸਿਰਫ ਪੰਜ ਮਿੰਟ ਦੀ ਵਾਕ- Tel: (604) 852-3935
201-33640 South Fraser Way, Abbotsford. B.C. V2S 2B9

A NEW ERA for ABBOTSFORD - CLAYBURN



John van Dongen
853-7727

Re-elect John van Dongen on May 16th

• Dairy farmer and agri-businessman • Married with two sons
• Director of Dairyland for 14 years • Active Church member

"John is a community leader who is accessible and hardworking for all constituents"

16 ਮਈ ਨੂੰ ਜਾਹਨ ਵੈਨ ਡਾਨਗਨ ਨੂੰ ਆਪਣਾ ਕੀਮਤੀ ਵੋਟ ਪਾਕੇ ਕਾਮਯਾਬ ਕਰੋ

• ਦੋ ਪੁਤਰਾਂ ਦਾ ਪਿਤਾ ਜੋ ਕਿ ਡੇਅਰੀ ਫਾਰਮਰ ਅਤੇ ਕਾਰੋਬਾਰੀ ਆਦਮੀ ਹੈ।
• 14 ਸਾਲਾਂ ਤੋਂ ਡੇਅਰੀਲੈਂਡ ਦਾ ਡਾਇਰੈਕਟਰ ਅਤੇ ਸਰਗਰਮ ਚਰਚ ਮੈਂਬਰ।
• ਜਾਹਨ ਕਮਿਊਨਿਟੀ ਲੀਡਰ ਹੈ ਅਤੇ ਸਖਤ ਮੇਹਨਤ ਕਰਨ ਵਾਲਾ ਹੈ।

ਹਰ ਕੋਈ ਸੌਖਿਆਂ ਹੀ ਉਸ ਤਕ ਪਹੁੰਚ ਕਰ ਸਕਦਾ ਹੈ।

Campaign Office: #4 - 2664 Gladys Ave., Abbotsford (corner of Mission Hwy. and Hazel Hill)
Authorized by Rex Leonard, Financial Agent for John van Dongen, 853-7727.

GORDON CAMPBELL AND THE BC Liberals
www.bcliberals.com

TRY ME!

SINCE 1989



Kulvinder S. Chera
(Mortgage Broker)

FREE Appraisal
FREE Home Inspection
= BEST DEAL

Are you shopping around for the Best Mortgage?
Whether you're a Triple "A" Client or a Bank Declined — in need of a 1st or 2nd mortgage. We can HELP! We are connected to over 100 institutions to provide you with the right answers. Before you sign up give me a call for a bottom line rates & let me share some key money saving tricks-of-the-trade with you!

Qualify By Phone 644-2776 24hrs
Please Call Collect

Our Best Rates

1 year	2 year	3 year	4 year	5 year	7 year	10 year
6.05	6.10	6.20	6.30	6.20	6.55	6.75

Broker/Lender fee may apply

ਚਾਚੇ ਦੀ ਐਹਰਨ ਹਾਲੀ

ਮਹਿੰਦਰ ਸਿੰਘ ਪੰਨੂ 'ਮਿਸ਼ਨ'

ਇਹ ਕਹਾਣੀ ਲੇਖਕ ਮਹਿੰਦਰ ਸਿੰਘ ਪੰਨੂ ਅਕਰਪੁਰੀਨ ਨੇ 1956 ਵਿਚ ਅੰਮ੍ਰਿਤਸਰ ਤੋਂ ਛਪਣ ਵਾਲੇ ਰੋਜ਼ਾਨਾ ਅਖ਼ਬਾਰ ਵਰਤਮਾਨ ਲਈ ਲਿਖੀ ਸੀ। ਇਸ ਅਖ਼ਬਾਰ ਦਾ ਮੁਖ ਸੰਪਾਦਕ ਈਸ਼ਰ ਸਿੰਘ ਮਥੌਲ ਸੀ ਜੋ ਕਿ ਪੁਰਾਣੀ ਪੀੜ੍ਹੀ ਲਈ ਕਿਸੇ ਜਾਣ ਪਹਿਚਾਣ ਦਾ ਮਹੁਤਾਜ ਨਹੀਂ। ਲੇਖਕ ਉਸ ਸਮੇਂ ਦੇ ਉਘੇ ਅਕਾਲੀ ਨੇਤਾ ਤੇਜਾ ਸਿੰਘ ਅਕਰਪੁਰੀ ਮੈਂਬਰ ਪਾਰਲੀਮੈਂਟ ਦੇ ਭਤੀਜਾ ਸਾਹਿਬ ਹਨ। ਸੰਪਾਦਕ।

ਚਾਚੀ, ਏ, ਚਾਚੀ, ਚਾਚਾ ਕਿਥੇ ਆ? ਜਰਾ ਦਾਤੀਆਂ ਦੇ ਦੰਦੇ ਕਢਾਉਣੇ ਸਨ। ਇਹ ਅਵਾਜ ਸੁਰਜਨ ਸਿੰਘ ਨੇ ਚਾਚੀ ਦੇ ਘਰ ਦੇ ਬੂਹਿਉਂ ਬਾਹਰ ਖੜੋ ਕੇ ਮਾਰੀ, ਕਿਉਂਕਿ ਐਹਰਨ ਹਾਲੀ (ਵਰਕਸ਼ਾਪ) ਦੇ ਬੂਹੇ ਦਾ ਕੁੰਢਾ ਵੱਜਾ ਹੋਇਆ ਸੀ। ਸੁਰਜਨ ਸਿੰਘ ਇਕ ਛੋਟੇ ਜਿਹੇ ਜਟਕੇ ਪਿੰਡ ਦਾ ਵਸਨੀਕ ਏ। ਇਸ ਪਿੰਡ ਵਿਚ ਜਟਾਂ ਦੀਆਂ ਦੋ ਪਤੀਆਂ ਹਨ-ਪੰਨੂ ਅਤੇ ਬਲ ਅਤੇ ਤੀਸਰੀ ਪਤੀ ਜਟ ਪੰਡਤਾਂ ਦੀ ਏ। ਇਹ ਜ਼ਾਤ ਦੇ ਬ੍ਰਹਮਣ ਹਨ ਪਰ ਕਾਰ ਵਿਆਰ ਵਲੋਂ ਜੱਟ, ਪੰਡਤ ਨਹੀਂ। ਜੇ ਕਿਤੇ ਭੁਲ ਭੁਲੇਖੇ ਚਿਠੀ ਆ ਜਾਏ ਤਾਂ ਭਜੇ ਫਿਰਦੇ ਹਨ ਪੜਣ ਲਈ। ਇਸ ਪਿੰਡ ਵਿਚ ਜ਼ਾਤ-ਪਾਤ ਦ ਘਟ ਜੋਰ ਹੈ ਅਤੇ ਸਭ ਵਸਨੀਕ ਬੜੇ ਪਿਆਰ ਅਤੇ ਭਰਪਣ-ਪੁਣੇ ਨਾਲ ਰਹਿੰਦੇ ਹਨ ਅਤੇ ਕੰਮ ਦਾ ਜੋਰ ਏ। ਇਸਲਈ ਪਿੰਡ ਦੀ ਐਹਰਨ ਹਾਲੀ (ਕਾਰਖਾਨਾ), ਜਿਸਨੂੰ ਚਾਚੇ ਦੀ ਐਹਰਨਹਾਲੀ ਭੀ ਕਹਿੰਦੇ ਹਨ ਵਿਚ ਕਾਫੀ ਆਵਾਜਾਈ ਏ।

'ਆ ਗਏ ਨੇ ਚਾਚੇ ਵਾਲੇ ਸਵੇਰੇ ਸਵੇਰੇ। ਇਹਨਾਂ ਨੂੰ ਦਮ ਲੈਣਾ ਨਹੀਂ ਆਉਂਦਾ। ਪਤਾ ਨਹੀਂ ਲਗਦਾ ਕਿਥੇ ਚਲਾ ਗਿਆ ਏ। ਸਵੇਰੇ ਸਵੇਰੇ ਲੋਕੀਂ ਮੇਰੀ ਜਾਨ ਖਾਂਦੇ ਆ ਅਤੇ ਮੈਂ ਹਾਲੇ ਸ਼ਹੀਦਾਂ ਦੀ ਸੇਵਾ ਵੀ ਨਹੀਂ ਕੀਤੀ। ਇਸ ਤਰ੍ਹਾਂ ਚਾਚੀ ਆਪਣੇ ਆਪ ਨਾਲ ਗਲਾਂ ਕਰਦੀ ਅਤੇ ਕਈ ਕੁਝ ਹੋਰ ਮੂੰਹ ਵਿਚ ਬੁੜ ਬੁੜਾਉਂਦੀ ਆਪਣੇ ਵਿਹੜੇ ਵਿਚੋਂ ਘਰ ਦੇ ਬਾਹਰਲੇ ਬੂਹੇ ਵਲ ਆਈ। ਚਾਚੀ ਨੇ ਸੁਰਜਨ ਨੂੰ ਬਿਨਾ ਕੋਈ ਜਵਾਬ ਦਿਤਿਆਂ ਬੂਹਾ ਬੰਦ ਕਰ ਕੁੰਢਾ ਮਾਰ ਲਿਆ। ਸੁਰਜਨ ਸਿੰਘ ਝਠਲਾਇਆ ਜਿਹਾ ਹਥ ਵਿਚ ਦਾਤਰੀਆਂ ਫੜੀ, ਸਾਡੇ ਪੰਜ ਵਿਚ ਗਲੀ ਵਿਚ ਖਲੋਤਾ ਏ, ਏਨੇ ਨੂੰ ਚਾਚਾ ਜੋਕਿ ਜੰਗਲ-ਪਾਣੀ ਫਿਰਨ ਗਿਆ ਸੀ, ਆ ਜਾਂਦਾ ਏ।

'ਆ ਭਾਈ ਸੁਰਜਨ ਸਿੰਘਾ, ਕੀ ਗਲ ਏ' ਚਾਚੇ ਨੇ ਹੌਲੀ ਆਵਾਜ਼ ਵਿਚ ਐਹਰਨ ਹਾਲੀ ਦਾ ਕੁੰਢਾ ਖੋਹਲਦਿਆਂ ਪੁਛਿਆ। 'ਦੰਦੇ ਕਢਾਉਣੇ ਸੀ, ਦਾਤੀਆਂ ਦੇ ਚਾਚਾ। ਕੁਝ ਵਾਢੇ ਬੁਲਾਏ ਹੋਏ ਨੇ, ਕੁਵੇਲਾ ਹੀ ਹੁੰਦਾ ਜਾਂਦਾ ਏ।' ਸੁਰਜਨ ਸਿੰਘ ਨੇ ਦਬੀ ਜਬਾਨ ਵਿਚ ਉਤਰ ਦਿਤਾ।

ਚਾਚੇ ਦਾ ਸੁਭਾ ਚਾਚੀ ਨਾਲੋਂ ਬਿਲਕੁਲ ਉਲਟ ਏ। ਕੰਮ ਵਿਚ ਕਦੇ ਨਾਂਹ ਨੁਕਰ ਨਹੀਂ ਕਰਦਾ। ਕੌੜਾ ਅਤੇ ਉਚੀ ਕਦੇ ਕਿਸੇ ਨਾਲ ਬੋਲਦਾ ਨਹੀਂ ਕੰਮ ਵਿਚ ਅਣਥਕ ਏ। ਅਫੀਮ ਅਤੇ ਚਾਹ ਦਾ ਸ਼ੌਕੀਨ ਏ। ਰੋਟੀ ਦਾ ਕਦੇ ਲਾਲਚ ਨਹੀਂ ਕੀਤਾ। ਪਿੰਡ ਦੇ ਵਸਨੀਕ ਵੀ ਉਸਦੀ ਇਸ ਆਦਤ ਤੋਂ ਚੰਗੀ ਤਰ੍ਹਾਂ ਜਾਣੂੰ ਹਨ। ਜਦੋਂ ਚਾਚੇ ਨਾਲ ਕੰਮ ਹੋਇਆ। ਇਨਾਂ ਚੀਜਾਂ ਦੇ ਪੂਰਤੀ ਰਖਦੇ ਨੇ। ਬਸ ਫੇਰ ਚਾਚਾ ਨਹੀਂ ਲਈਦਾ। ਭਾਵੇਂ ਸਵੇਰ ਤੋਂ ਸ਼ਾਮ ਤਕ ਲਾਈ ਰਖੋ। ਹੌਲੀ ਹੌਲੀ ਗਲਾਂ ਕਰੀ ਜਾਏਗਾ ਅਤੇ ਕੰਮ ਨਬੇੜੀ ਜਾਏਗਾ। ਚਾਚੇ ਦੀ ਉਮਰ ਵੀ ਚੋਖੀਏ। ਕੁਝ ਨਜ਼ਰ ਘਟ ਹੋ ਗਈ ਸੂ। ਕਈ ਉਸਦੇ ਹਥਾਂ ਵਿਚ ਜੰਮੇ, ਜਵਾਨ ਹੋਏ ਅਤੇ ਹੁਣ ਬੁਢੇ ਵੀ ਹੋ ਗਏ ਨੇ, ਪਰ ਚਾਚਾ ਉਹੋ ਜਿਹੇ ਦਾ ਉਹੋ ਜਿਹਾ ਹੀ ਏ। ਬੜਾ ਹਰਮਨ ਪਿਆਰਾ ਏ ਅਤੇ ਪਿੰਡ ਵਿਚ ਕੋਈ ਬੰਦਾ ਨਹੀਂ ਜੋ ਚਾਚੇ ਨੂੰ ਸਤਿਕਾਰ ਨਾਲ 'ਚਾਚਾ' ਨਹੀਂ ਆਖਦਾ।

ਜਿਥੇ ਚਾਚਾ ਏਨੇ ਗੁਣਾ ਅਤੇ ਮਿਠਾਸ ਦਾ ਮਾਲਕ ਏ, ਉਥੇ ਚਾਚਾ ਇਕ ਹੋਰ ਵੀ ਗੁਣ ਰਖਦਾ ਏ ਪਰ ਥੋੜਾ ਜਿਹਾ ਕੌੜਾ। ਉਹ ਇਹ ਕਿ ਭਾਵੇਂ ਕੋਈ ਗਰੀਬ ਹੋਵੇ ਜਾਂ ਅਮੀਰ, ਬਿਨਾਂ ਲਿਹਾਜ਼ ਦੇ ਜੋ ਉਸਦੇ ਮਨ ਵਿਚ ਠੀਕ ਜਾਪੇਗੀ ਉਹ ਕਹਿ ਦੇਵੇਗਾ, ਲੋਕੀਂ ਵੀ ਚਾਚੇ ਦੀ ਗੰਲ ਦਾ ਕਦੇ ਗੁਸਾ ਨਹੀਂ ਕਰਦੇ।

'ਪਹਿਲਾਂ ਸੁੱਤੇ ਹੁੰਦੇ ਸਾਓ? ਤੁਹਾਨੂੰ ਵੀ ਵੇਲੇ ਦੇ ਵੇਲੇ ਈ ਚੇਤਾ ਆਉਂਦਾ ਏ, ਦੰਦੇ ਕਢਵਾਉਣ ਦਾ। ਤੁਹਾਡੀ ਤਾਂ ਉਹ ਗਲ ਏ, "ਬੂਹੇ ਆਈ ਜੰਝ ਅਤੇ ਵਿਨੋ ਕੁੜੀ ਦੇ ਕੰਨ।"' ਚਾਚੇ ਨੇ ਦੰਦੇ ਕਢਣ ਲਈ ਸੁਰਜਨ ਸਿੰਘ ਪਾਸੋਂ ਦਾਤੀਆਂ ਫੜਦਿਆਂ ਹੋਇਆਂ ਇਹ ਮਿਠੀ ਝਾੜ ਪਾਈ।

'ਮੁੰਡੇ ਨੂੰ ਕਲ ਕਿਹਾ ਸੀ, ਉਹ ਖੇਡਣ ਹੀ ਲਗਾ ਰਹਿੰਦਾ ਏ। ਅਜਕਲ ਦੇ ਪਾੜ੍ਹੇ ਮੁੰਡੇ ਨਾ ਘਰ ਦੇ ਨਾ ਘਾਟ ਦੇ।' ਸੁਰਜਨ ਸਿੰਘ ਨੇ ਇਹ ਮੂੰਹ ਰਖਣਾ ਜਵਾਬ ਦਿਤਾ।

'ਕਿਥੇ ਵਾਢੀ ਪਾਉਣ ਲਗੇ ਊ।' ਚਾਚੇ ਨੇ ਪੁਛਿਆ।

'ਚਾਬੇ ਵਾਲੀ ਵਡਾਣਕ ਵਢਣ ਲਗੇ ਆਂ।' ਸੁਰਜਨ ਨੇ ਕਿਹਾ।

'ਵਡਾਣਕ ਨੂੰ ਚੋਰ ਲੈ ਚਲੇ ਸਨ ਅਜੇ ਤਾਂ ਸਿਟੇ ਵੀ ਹਰੇ ਨੇ।'

'ਪਹਿਲਾਂ ਘੋਨੀ ਵਢ ਲੈਣੀ ਸੀ।' ਚਾਚੇ ਨੇ ਸਲਾਹ ਵਜੋਂ ਦੰਦੇ ਕਢਦੇ ਹੋਇਆਂ ਕਿਹਾ।

'ਵਢਣੀ ਤਾਂ ਪਹਿਲਾਂ ਉਹ ਸੀ, ਪਰ ਵਢਾਣਕ(ਕਣਕ ਦੀ ਇਕ ਕਿਸਮ) ਨੂੰ ਚਿਤੀਆਂ ਨਹੀਂ ਛਡਦੀਆਂ ਜੇ ਅਸੀਂ ਘੋਨੀ (ਇਹ ਵੀ ਕਣਕ ਦੀ ਹੀ ਕਿਸਮ ਦਾ ਨਾਂ ਹੈ) ਵਢਣ ਲਗ ਜਾਂਦੇ ਤਾਂ ਫੇਰ ਉਥੋਂ ਕੀ ਲਿਆਉਣਾ ਏ।'

ਚਾਚਾ ਪਿੰਡ ਦਾ ਕੇਵਲ ਰੰਬੇ ਤਿਖੇ ਕਰਨ ਵਾਲਾ, ਦਾਤੀਆਂ ਦੇ ਦੰਦੇ ਕਢਣ ਵਾਲਾ ਜਾਂ ਹਲਾਂ ਦੇ ਫਾਲੇ ਘੜਨ ਵਾਲਾ ਹੀ ਨਹੀਂ, ਬਲਕਿ ਪਿੰਡ ਦੇ ਸਾਰੇ ਵਸਨੀਕਾਂ ਦੇ ਦੁਖ ਸੁਖ ਦਾ ਸਾਂਝੀ ਵਾਲ ਏ। ਸਾਰਿਆਂ ਦੇ ਘਰਾਂ ਦੀਆਂ ਘੁੰਢੀਆਂ ਅਤੇ ਸਾਰਿਆਂ ਦੀਆਂ ਪੈਲੀਆਂ ਅਤੇ ਫਸਲਾਂ ਜਾਣਦਾ ਏ।

ਸੁਰਜਨ ਦੀਆਂ ਦਾਤੀਆਂ ਦੇ ਦੰਦੇ ਨਿਕਲ ਚੁਕੇ ਸਨ, ਤੇ ਕੇਵਲ ਇਕ ਦਾਤੀ ਚਾਚੇ ਦੇ ਹਥ ਵਿਚ ਸੀ, ਕਿ ਭਾਈ ਮਾਣ ਸਿੰਘ ਰੰਬੀਆਂ ਤਿਖੀਆਂ ਕਰੌਣ ਲਈ ਲੈਕੇ ਆ ਗਿਆ।

'ਚਾਚਾ! ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ। ਮਾਣ ਸਿੰਘ ਨੇ ਜਵਾਬ ਵਿਚ ਗਜ ਕੇ ਫਤਿਹ ਬੁਲਾਈ।

"ਬੈਹ ਜਾ ਮਾਣ ਸਿਹਾਂ।" ਚਾਚੇ ਨੇ ਆਖਰੀ ਦਾਤੀ ਦੇ ਦੰਦੇ ਕਢਦਿਆਂ ਹੋਇਆਂ ਕਿਹਾ। ਮਾਣ ਸਿੰਘ ਪੈਰਾਂ ਭਾਰ ਬੂਹੇ ਦੇ ਅੰਦਰ ਵਾਰ ਸਾਹਮਣੇ ਹੀ ਬੈਠ ਗਿਆ।

'ਥੋੜ੍ਹਾ ਲਾਂਭੇ ਹੋ ਕੇ ਬਹੋ ਨਾ, ਚਾਨਣ ਤਾਂ ਆਉਣ ਦੇ, ਤੂੰ ਕੀ ਸ਼ੀਸ਼ੇ ਦਾ ਬਣਿਆਂ ਹੋਇਆਂ ਏਂ?' ਚਾਚੇ ਨੇ ਮਾਣ ਸਿੰਘ ਨੂੰ ਕਿਹਾ।

'ਹਛਾ ਚਾਨਣ ਰੁਕ ਗਿਆ ਏ, ਆ ਲਓ ਕਰ ਦਿਨੇ ਆਂ।' ਮਾਣ ਸਿੰਘ ਨੇ ਹੌਲੀ ਹੌਲੀ ਪੈਰਾਂ ਭਾਰ ਬੈਠਿਆਂ ਹੀ ਸਜੇ ਬੰਨੇ ਨੂੰ ਸਿਰਕਦਿਆਂ ਹੋਇਆਂ ਕਿਹਾ ਅਤੇ ਫੇਰ ਆਪ ਹੀ ਬੋਲੀ ਗਿਆ।

'ਸ਼ਹੀਦ ਗੰਜ ਹੁਣ ਗੁਰਪੁਰਬ 'ਤੇ ਆਖੰਡ ਪਾਠ ਹੋਣਾ ਏ। ਉਹਨਾਂ ਸ਼ਸ਼ੀ ਤਾਕੀਦ ਕਰ ਘਲੀ ਏ, ਭਾਈ ਜਰੂਰ ਆਈੱ। ਚੰਗੇ ਪਾਠੀ ਵੀ ਤਾਂ ਅਜਕਲ ਨਹੀਂ ਮਿਲਦੇ। ਉਹਨਾਂ ਸਭ ਪਰਤਿਆ ਕੇ ਵੇਖ ਲਏ ਨੇ, ਸ਼ੁਧ ਪਾਠ ਕੋਈ ਵੀ ਨਹੀਂ ਕਰਦਾ। ਸੰਗਤਾਂ ਨੇ ਮੰਗ ਕੀਤੀ ਏ ਕਿ ਮਾਣ ਸਿੰਘ ਪਾਠੀ ਨੂੰ ਜਰੂਰ ਬਲਾਓ। ਉਗਰਾਹੀ ਲਾਉਨੇਆਂ। ਧਤੀ ਧਤੀ (ਦਸ ਸੇਰ ਜਾਂ ਅਜ ਕਲ ਦੇ ਪੰਜ ਕਿਲੋ ਦੇ ਬਰਾਬਰ) ਦਾਣੇ ਪ੍ਰਤੀ ਲਾਵਾਂਗੇ। ਲੰਗਰ ਜੂ ਖੁਲਾ, ਵਰਤਾਉਣਾ ਹੋਇਆ।'

ਮਾਣ ਸਿੰਘ ਇਕ ਸਿਧਾ ਜ਼ਿਮੀਦਾਰ ਏ। ਉਸਨੂੰ ਸਭ ਤੋਂ ਵਡਾ ਮਾਣ ਇਹ ਹੈ ਕਿ ਉਹ ਗੁਰੂ ਗਰੰਥ ਸਾਹਿਬ ਦਾ ਪਾਠ ਕਰ ਸਕਦਾ ਏ। ਪਾਠੀ ਤਾਂ ਸਾਧਾਰਨ ਏ ਪਰ ਉਹ ਸਮਝਦਾ ਏ ਕਿ ਉਸ ਜਿਹਾ ਹੋਰ ਕੋਈ ਪਾਠੀ ਨਹੀਂ। ਸ਼ਹੀਦ ਗੰਜ ਗੁਰੂ ਦੁਆਰਾ ਇਸਦੇ ਪਿੰਡ ਤੋਂ ਕੋਈ ਦੋ ਮੀਲ ਦੂਰ ਏ ਅਤੇ ਇਹ ਉਥੇ ਆਮ ਗੇਤਾ ਮਾਰਦਾ ਰਹਿੰਦਾ ਏ।

'ਅਧਾ ਲੰਗਰ ਤਾਂ ਤੂੰ ਆਪ ਹੀ ਛੱਕ ਜਾਨਾਂ ਏਂ' ਨਾਲੇ ਸਿਰ 'ਚੋਂ ਮਿੱਟੀ ਚੰਗੀ ਤਰ੍ਹਾਂ ਕੱਢ ਕੇ ਜਾਈਂ, ਜੇ ਪਾਠੀ ਸਦਿਆ ਗਿਆ ਏਂ' ਤੇ। ਪਾਠੀ ਤੈਨੂੰ ਕਿਨ ਸਦਣਾ ਏ, ਤੇਰੇ ਪਾਠ ਦੀ ਸਮਝ ਤਾਂ ਕਿਸੇ ਨੂੰ ਆਉਂਦੀ ਨਹੀਂ।' ਸੁਰਜਨ ਸਿੰਘ ਨੇ ਦਾਤੀਆਂ ਲੈਕੇ ਤੁਰਦਿਆਂ ਹੋਇਆਂ ਮਖੌਲ ਵਿਚ ਕਿਹਾ।

'ਐਵੇ ਨਹੀਂ ਬਹੁਤਾ ਬੋਲੀਦਾ, ਨਾ ਤੈਨੂੰ ਕੁਝ ਪਤਾ, ਨਾ ਲੈਣਾ ਨਾ ਦੇਣਾ। ਗੁਰੂ ਘਰ ਦੀ ਨਿੰਦਿਆ ਕਰਨਾ ਏਂ।' ਮਾਨ ਸਿੰਘ ਨੇ ਗੁਸੇ ਨਾਲ ਕਿਹਾ।

'ਓ, ਮੈਂ ਤਾਂ ਤੇਰੀ ਗਲ ਕੀਤੀ ਆ, ਗੁਰੂ ਘਰ ਦੀ ਐਂਵੇਂ ਨਿੰਦਿਆ ਹੋ ਗਈ।' ਇਹ ਕਹਿਕੇ ਸੁਰਜਨ ਸਿੰਘ ਤੁਰ ਗਿਆ।

ਚਾਚੇ ਨੇ ਮਾਣ ਸਿੰਘ ਦੇ ਰੰਬੇ ਫੜਕੇ ਤਿਖੇ ਕਰਨ ਆਰੰਭ ਦਿਤੇ ਕਿ ਏਨੇ ਨੂੰ ਚਾਚੀ ਘਰੋਂ ਹੀ ਬੋਲਦੀ ਆ ਗਈ। ਗਲੀ ਵਿਚ ਪਾਣੀ ਡੁਲਾ ਹੋਇਆ ਸੀ, ਉਸਨੂੰ ਵੇਖਕੇ ਕਹਿੰਦੀ ਆਉਂਦੀ ਸੀ। 'ਵੇਖਦੇ ਵੀ ਨਹੀਂ, ਪਤਾ ਨਹੀਂ ਅਖਾਂ ਫੁਟ ਗਈਆਂ ਸੂ। ਮੇਰੇ ਬੂਹੇ ਅੱਗੇ ਪਾਣੀ ਡੋਲ ਦਿਤਾ ਸੂ। ਭਾਂਵੇਂ ਡਿਗ ਕੇ ਲਤ ਬਾਂਹ ਹੀ ਟੁਟ ਜਾਏ! ਰੰਬ ਕਰੇ, ਇਹਨਾਂ ਦੀ ਆਪਣੀ ਟੁੱਟੇ।"

'ਕਿਨ੍ਹੇ ਪਾਣੀ ਡੋਲ ਦਿਤਾ ਚਾਚੀ? ਇਹ ਲੋਕੀਂ ਬੜੇ ਖਰਾਬ ਨੇ। ਦੇਖੋ ਜੀ, ਸਾਰੀ ਗਲੀ ਛਡ ਕੇ, ਚਾਚੀ ਦੇ ਬੂਹੇ ਅਗੇ ਪਾਣੀ ਆ ਡੋਲਿਆ ਸੂ।" ਇਹ ਗਲ ਅਨੂਪ ਸਿੰਘ ਨੇ, ਜੋ ਇਸ ਵੇਲੇ ਗਲੀ ਵਿਚੋਂ ਲੰਘ ਰਿਹਾ ਸੀ, ਚਾਚੀ ਦੀ ਹਮਦਰਦੀ ਲਈ ਆਖੀ।

'ਤੁਰਿਆ ਜਾ ਤੂੰ ਤੁਰਿਆ ਜਾ। ਮੈਨੂੰ ਨਾ ਬਹੁਤੀਆਂ ਗੰਲਾਂ ਦਸ। ਟਿਚਰਾਂ ਕਰਨਾਂ ਏ, ਮੈਂ ਸ਼ਹੀਦਾਂ ਦੀ ਧੀ ਆਂ। ਸ਼ਹੀਦ ਰੋਜ਼ ਆਉਂਦੇ ਨੇ।' ਇਹ ਗਲ ਚਾਚੀ ਨੇ ਨੱਕ ਚਾੜ੍ਹਦਿਆਂ ਹੋਇਆਂ ਕੀਤੀ। ਅਨੂਪ ਸਿੰਘ ਦਤ ਵਟ ਕੇ ਤੁਰ ਗਿਆ, ਅਤੇ ਫੇਰ ਪਿਛਾਂਹ ਨਹੀਂ ਤਕਿਆ। ਪਰ ਜਾਂਦਾ ਜਾਂਦਾ ਕਹੀ ਜਾਂਦਾ ਸੀ, 'ਦੇਖੋ ਜੀ ਜ਼ਮਾਨਾਂ, ਮੈਂ ਹਮਦਰਦੀ ਕੀਤੀ ਏ ਅਤੇ ਇਹ ਮੇਰੇ ਗਲ ਹੀ ਪੈ ਗਈ ਏ।"

ਚਾਚੀ ਐਹਰਨਹਾਲੀ ਦੇ ਬੂਹੇ ਪਾਸ ਗਈ ਅਤੇ ਅੰਦਰ ਝਾਤੀ ਮਾਰੀ। ਅਗੇ ਮਾਨ ਸਿੰਘ ਬੈਠਾ ਹੋਇਆ ਸੀ, ਅਤੇ ਸ਼ਹੀਦ ਗੰਜ ਦੇ ਗੁਰਦਵਾਰੇ ਦੀਆਂ ਅਤੇ ਗੁਰਪੁਰਬ ਮਨਾਉਣ ਦੀਆਂ ਗਲਾਂ ਕਰੀ ਜਾਂਦਾ ਸੀ। ਚਾਚਾ ਪਤਾ ਨਹੀਂ ਸੁਣਦਾ ਵੀ ਸੀ ਕਿ ਨਹੀਂ। ਪਰ ਉਹ ਉਸ ਦੀਆਂ ਗਲਾਂ ਵਿਚ ਨਾ 'ਨਾਂਹ' ਦਾ ਨਾ 'ਹਾਂ' ਦਾ ਹੁੰਗਾਰਾ ਦਿੰਦਾ ਸੀ। ਚਾਚੀ ਨੇ ਮਾਣ ਸਿੰਘ ਨੂੰ ਵੇਖਕੇ ਜੋ ਕਿ ਉਸਦੇ ਪੁਤਰਾਂ ਤੋਂ ਵੀ ਨਿਕਾ ਸੀ, ਅਧਾ ਘੂੰਡ ਕਢ ਲਿਆ। ਅਣਢਕੀ ਅਖ ਨਾਲ ਮਾਣ ਸਿੰਘ ਨੂੰ ਘੂਰ ਘੂਰ ਵੇਖੀ ਜਾਵੇ ਅਤੇ ਚਾਚੇ ਨੂੰ ਇਸ ਤਰਾਂ ਸੁਣਾਈ ਜਾਂਦੀ ਸੀ। 'ਚਾਹ ਖਸਮਾਂ ਨੂੰ ਖਾਣੀ ਸਵੇਰੇ ਦੀ ਅਗ ਤੇ ਰਖੀ ਹੋਈਏ। ਦਾਤੀਆਂ, ਰੰਬੀਆਂ ਵਾਲਿਆਂ ਨੂੰ ਸਵੇਰੇ ਸਵੇਰੇ ਅੰਗ ਲਗ ਗਈ ਸੂ। ਕਿਸੇ ਨੂੰ ਚਾਹ ਦਾ ਘੁਟ ਵੀ ਨਹੀਂ ਪੀਣ ਦਿੰਦੇ। ਦੇਣ ਲੈਣ ਦਾ ਕੁਝ ਨਾਂ ਨਹੀਂ ਲੈਂਦੇ, ਕੰਮ ਤੇ ਜੋਰ ਪਾਇਆ ਸੂ।"

'ਜਾਹ ਚਾਚੀ ਜਾਹ, ਆਉਂਦਾ ਚਾਚਾ ਹੁਣੇ ਹੀ ਚਾਹ ਪੀਣ। ਨਹੀਂ ਤਾਂ ਏਥੇ ਹੀ ਲੈ ਆਖਾਂ, ਅਸੀਂ ਵੀ ਘੁਟ ਛਕਲਾਂਗੇ।' ਮਾਣ ਸਿੰਘ ਨੇ ਮੁਛਾਂ ਤੇ ਹਥ ਫੇਰਦਿਆਂ ਹੋਇਆਂ ਅਤੇ ਦਾੜ੍ਹੀ ਵਿਚੋਂ ਤੂੜੀ ਦੇ ਤੀਹਲੇ ਕਢਦਿਆਂ ਹੋਇਆਂ ਕਿਹਾ।

'ਪਹਿਲਾਂ ਤੈਨੂੰ ਚਾਹ ਪਿਆਉ ਤੇਰਾ ਤਾਂ ਖਾਣ ਪੀਣ ਨੂੰ ਹਮੇਸ਼ਾ ਮੂੰਹ ਟਡਿਆ ਰਹਿੰਦਾ ਏ। ਖੰਡ ਤੱਤ ਭਲੱਤੀ ਮਿਲਦੀ ਨ੍ਹੀਂ।, ਮਾਮਾ ਵੀ ਪਤਾ ਨਹੀਂ ਅਜ ਹਟੀ ਨੂੰ ਜੰਦਰਾ ਮਾਰ ਛੁਕ ਸਾੜਕੇ ਕਿਥੇ ਚਲਾ ਗਿਆ ਏ। ਉਹਦੀ ਹੱਟੀ ਵਲ ਕਈ ਫੇਰੇ ਮਾਰ ਆਈ ਆਂ।"

'ਜਾਹ ਜਾਹ ਘਰ ਨੂੰ ਹੁਣ, ਆਉਨਾਂ ਆਂ ਮੈਂ ਹੁਣੇ ਹੀ।' ਚਾਚੇ ਨੇ ਰੰਬੇ ਤਿਖੇ ਕਰਦਿਆਂ ਹੋਇਆਂ ਜਰਾ ਤਿਖੀ ਅਵਾਜ਼ ਵਿਚ ਕਿਹਾ।

ਚਾਚੀ ਬੁੜ ਬੁੜਾਉਂਦੀ ਅਤੇ ਮੂੰਹ ਵਿਚ ਪਤਾ ਨਹੀਂ ਕੀ ਕੁਝ ਕਹਿੰਦੀ ਘਰ ਨੂੰ ਚਲੀ ਗਈ, ਪਰ ਏਨਾਂ ਜ਼ਰੂਰ ਸੁਣਿਆ, "ਮੈਂ ਵੀ ਸ਼ਹੀਦਾਂ ਦੀ ਧੀ ਆਂ, ਸ਼ਹੀਦ ਰੋਜ਼ ਆਉਂਦੇ ਨੇ ਰੋਜ਼।"

ਭਾਈ ਮਾਣ ਸਿੰਘ ਨੇ ਚਚੀ ਦੇ ਚਲੇ ਜਾਣ ਪਿਛੋਂ ਫੇਰ ਸ਼ਹੀਦ ਗੰਜ ਦੇ ਗੁਰਦਵਾਰੇ ਦੀ ਗਲ ਆਰੰਭ ਦਿਤੀ, ਅਤੇ ਆਪਣੇ ਚੰਗੇ ਅਤੇ ਮੰਨੇ ਪਰਮੰਨੇ ਆਖੰਡ ਪਾਠੀ ਹੋਣ ਦੀਆਂ ਸਿਫਤਾਂ ਕਰਨੀਆਂ ਸ਼ੁਰੂ ਕਰ ਦਿਤੀਆਂ, ਪਰ ਚਾਚੇ ਨੇ ਸਭ ਸੁਣੀ ਅਣ-ਸੁਣੀ ਕਰਦਿਆਂ ਕਿਹਾ, 'ਮਾਣ ਸਿਹਾਂ ਭਾਈ ਆਹ ਲੈ ਰੰਬੀਆਂ ਤੇ ਕੰਮ ਤੇ ਪਹੁੰਚ। ਉਧਰ ਤੈਨੂੰ ਗੰਡੇ ਅਤੇ ਹਜ਼ਾਰਾਂ ਸਿੰਘ ਹੁਰੀਂ ਉਡੀਕਦੇ ਹੋਣਗੇ।'

ਮਾਣ ਸਿੰਘ ਰੰਬੀਆਂ ਫੜ੍ਹ, ਸ਼ਹੀਦ ਗੰਜ ਦੇ ਗੁਰਦੁਆਰੇ ਬਾਰੇ, ਅਤੇ ਲੰਗਰ ਲਈ ਦਾਣਿਆਂ ਦੀ ਉਗਰਾਹੀ ਬਾਰੇ, ਮੂੰਹ ਵਿਚ ਬੁ

ਭਰੁਣ ਹੱਤਿਆ ਅਤੇ ਕਦਰਾਂ ਕੀਮਤਾਂ ਦਾ ਖੋਰਾ

ਡਾ: ਸਵਰਾਜ ਸਿੰਘ

ਕੁੜੀਆਂ ਦੀ ਭਰੂਣ ਹੱਤਿਆ ਪੰਜਾਬੀ ਭਾਈਚਾਰੇ ਦੀ ਇਕ ਵੱਡੀ ਸਮਸਿਆਂ ਬਣੀ ਜਾ ਰਹੀ ਹੈ। ਪਛਮੀ ਸਭਿਆਚਾਰਕ ਹਮਲੇ ਦੇ ਨਤੀਜੇ ਵਜੋਂ ਸਾਡੀਆਂ ਕਦਰਾਂ ਕੀਮਤਾਂ ਦਾ ਹੋ ਰਿਹਾ ਨਿਘਾਰ ਇਸ ਦਾ ਮੁੱਖ ਕਾਰਨ ਹੈ। ਸਾਡੀ ਸਭਿਅਤਾ ਵਿਚ ਔਰਤ ਦੀ ਇਕ ਜਨਨੀ ਅਤੇ ਮਾਂ ਦੇ ਰੂਪ ਵਿਚ ਵਿਸ਼ੇਸ਼ ਮਹੱਤਤਾ ਸੀ। ਪ੍ਰੰਤੂ ਪੱਛਮੀ ਸਭਿਆਚਾਰ ਵਿਚ ਔਰਤ ਨੂੰ ਅਜਿਹਾ ਸਤਿਕਾਰ ਸਥਾਨ ਨਸੀਬ ਨਹੀਂ ਹੋਇਆ। ਔਰਤ ਨੂੰ ਇਕ ਵਸਤੂ ਅਤੇ ਮਨਪ੍ਰਚਾਵੇ ਦਾ ਸਾਧਨ ਹੀ ਸਮਝਿਆ ਗਿਆ। ਸਾਡੇ ਭਾਈਚਾਰੇ ਵਿਚ ਵੀ ਪੱਛਮੀ ਸਭਿਆਚਾਰਕ ਹਮਲੇ ਦੇ ਨਤੀਜੇ ਵਜੋਂ, ਔਰਤਾਂ ਪ੍ਰਤੀ ਰਵੱਈਆ ਬਦਲ ਰਿਹਾ ਹੈ। ਸਾਰੀਆਂ ਔਰਤਾਂ, ਜਿਨ੍ਹਾਂ ਵਿਚ ਉਹ ਵੀ ਸ਼ਾਮਲ ਹਨ, ਜੋ ਹਾਲੇ ਜੰਮੀਆਂ ਵੀ ਨਹੀਂ, ਦਾ ਸਤਿਕਾਰ ਦਿਨੋਂ ਦਿਨ ਘਟ ਰਿਹਾ ਹੈ। ਅਸੰਤੁਲਤ ਪਦਾਰਥਵਾਦ ਦੇ ਪ੍ਰਭਾਵ ਕਾਰਨ ਜੀਵਨ ਦਾ ਰੁਹਾਨੀ ਪੱਖ ਕੰਮਜ਼ੋਰ ਹੋ ਰਿਹਾ ਹੈ ਅਤੇ ਸਾਡੀਆਂ ਰਵਾਇਤੀ ਕਦਰਾਂ ਕੀਮਤਾਂ ਖੁਰ ਰਹੀਆਂ ਹਨ। ਫੈਸਲੇ ਆਰਥਕ ਲਾਭ ਜਾਂ ਹਾਨੀ ਦੇ ਅਧਾਰ 'ਤੇ ਲਏ ਜਾਂਦੇ ਹਨ ਅਤੇ ਇਨ੍ਹਾਂ ਫੈਸਲਿਆਂ ਵਿਚੋਂ ਮਨੁੱਖੀ ਪੱਖ ਤਕਰੀਬਨ ਅਲੋਪ ਹੋ ਚੁੱਕਾ ਹੈ। ਇਕ ਕੁੜੀ ਦਾ ਜੰਮਣਾ ਘਾਟੇ ਦਾ ਅਤੇ ਇਕ ਮੁੰਡੇ ਦਾ ਜੰਮਣਾ ਵਾਧੇ ਦਾ ਸੌਦਾ ਸਮਝਿਆ ਜਾਂਦਾ ਹੈ। ਸੋ ਕਿਉਂ ਨਾ ਕੁੜੀ ਨੂੰ ਜੰਮਣ ਹੀ ਨਾ ਦਿੱਤਾ ਜਾਵੇ।

ਅਜਿਹਾ ਕਰਨ ਵਿਚ ਕਿਸੇ ਨੂੰ ਇਹ ਅਹਿਸਾਸ ਵੀ ਨਹੀਂ ਹੁੰਦਾ ਕਿ ਅਸੀਂ ਕੋਈ ਮਾੜਾ ਕੰਮ ਕਰ ਰਹੇ ਹਾਂ। ਅਜਿਹੀਆਂ ਭਾਵਨਾਵਾਂ ਦੀ ਤਾਂ ਗੱਲ ਹੀ ਛੱਡੋ, ਉਲਟਾ ਇਹ ਸਮਝਿਆ ਜਾਂਦਾ ਹੈ ਕਿ ਅਸੀਂ ਬੜੇ ਚਤੁਰ ਹਾਂ ਅਤੇ ਸਾਨੂੰ ਬਹੁਤ ਜਾਣਕਾਰੀ ਹੈ। ਇਹ ਲੋਕ ਕਹਿੰਦੇ ਹਨ ਕਿ ਨਵੀਂ ਤਕਨੀਕ ਦੀ ਸਾਨੂੰ ਉਪਾਸਨਾ ਕਰਨੀ ਚਾਹੀਦੀ ਹੈ, ਜਿਸ ਨੇ ਸਾਨੂੰ ਇਕ ਕਠਿਨ ਸਮੱਸਿਆ ਦਾ ਇੰਨਾ ਸੌਖਾ ਹੱਲ ਦੱਸ ਦਿੱਤਾ ਹੈ। ਚੰਗਾ ਅਤੇ ਮਾੜਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸ ਵਿਚ ਆਰਥਕ ਲਾਭ ਹੁੰਦਾ ਹੈ ਜਾਂ ਹਾਨੀ। ਅਜਿਹੇ ਮਾਪਦੰਡ ਵਰਤ ਕੇ ਕਦਰਾਂ ਕੀਮਤਾਂ ਦਾ ਘਾਣ ਹੋ ਰਿਹਾ ਹੈ।

ਅੱਜ ਕੱਲ੍ਹ ਅਮਰੀਕਾ ਵਿਚ ਇਕ ਮੁਕੱਦਮੇ ਦੀ ਬੜੀ ਚਰਚਾ ਹੈ। ਕੁਝ ਸਾਲ ਪਹਿਲਾਂ ਇਕ ਅਮਰੀਕਨ ਸੁੰਦਰੀ, ਜੋ ਪਲੇ ਬੁਆਏ ਮੈਗਜ਼ੀਨ ਦੀ ਮਾਡਲ ਸੀ, ਨੇ ਤਕਰੀਬਨ 20 ਸਾਲ ਦੀ ਉਮਰ ਵਿਚ ਇਕ ਅਮੀਰ ਬੁੱਢੇ ਅਮਰੀਕਨ ਨਾਲ ਵਿਆਹ ਕਰਵਾ ਲਿਆ, ਜਿਸ ਦੀ ਉਮਰ 80 ਸਾਲ ਤੋਂ ਜ਼ਿਆਦਾ ਸੀ। ਕੁਝ ਸਮੇਂ ਬਾਅਦ ਇਸ ਬੁੱਢੇ ਦੀ ਮੌਤ ਹੋ ਗਈ। ਕੁਝ ਲੋਕਾਂ ਨੇ ਇਸ ਔਰਤ 'ਤੇ ਮੁਕੱਦਮਾ ਕਰ ਦਿੱਤਾ ਹੈ ਕਿ ਇਸ ਨੇ ਸਿਰਫ ਉਸ ਬੁੱਢੇ ਦੀ ਕਰੋੜਾਂ ਅਰਬਾਂ ਦੀ ਜਾਇਦਾਦ ਹਾਸਲ ਕਰਨ ਲਈ ਹੀ ਇਹ ਵਿਆਹ ਕਰਵਾਇਆ ਸੀ ਅਤੇ ਇਸ ਨੂੰ ਬੁੱਢੇ ਦੀ ਜਾਇਦਾਦ ਵਿਚੋਂ ਬੇਦਖਲ ਕਰ ਦੇਣਾ ਚਾਹੀਦਾ ਹੈ। ਮੈਂ ਜਿਸ ਹਸਪਤਾਲ ਵਿਚ ਕੰਮ ਕਰਦਾ ਹੁੰਦਾ ਸਾਂ, ਉਸ ਦੀ ਟੈਲੀਫੋਨ ਉਪਰੇਟਰ ਦੀ ਉਮਰ ਪੰਜਾਹ ਸਾਲ ਤੋਂ ਵੱਧ ਸੀ। ਉਸ ਦੀ ਲੜਕੀ ਦੀ ਉਮਰ ਕੋਈ 20 ਸਾਲ ਦੀ ਸੀ ਅਤੇ ਉਸ ਦੇ ਪਿਤਾ ਦੀ ਉਮਰ 80 ਸਾਲਾਂ ਤੋਂ ਵੱਧ ਸੀ। ਉਸ ਦੀ ਲੜਕੀ ਦੀ ਉਮਰ ਦੀ ਕੁੜੀ ਉਸ ਦੇ ਪਿਓ ਨੂੰ ਟਿਕਾ ਰਹੀ ਸੀ ਕਿਉਂਕਿ ਉਸ ਬੁੱਢੇ ਕੋਲ ਬਹੁਤ ਪੈਸਾ ਸੀ। ਇਹ ਅਮਰੀਕਨ ਟੈਲੀਫੋਨ ਉਪਰੇਟਰ ਮੇਰੇ ਨਾਲ ਇਸ ਮਸਲੇ ਬਾਰੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦੀ ਸੀ ਤੇ ਕਹਿੰਦੀ ਸੀ ਕਿ ਦੇਖੋ ਇਹ ਕੁੜੀ ਕਿੰਨੀ ਚਲਾਕ ਹੈ, ਮੇਰੇ ਅਮੀਰ ਪਿਓ ਨੂੰ ਫਸਾ ਰਹੀ ਹੈ।

ਦੋਨੋਂ ਸਥਿਤੀਆਂ ਵਿਚ ਅਮਰੀਕਨ ਸਮਾਜ 20 ਸਾਲਾਂ ਦੀ ਕੁੜੀ ਨੂੰ ਹੀਂ ਮਾੜਾ ਕਹਿੰਦਾ ਹੈ ਪ੍ਰੰਤੂ 80 ਸਾਲਾਂ ਤੋਂ ਵੱਧ ਉਮਰ ਵਾਲੇ ਬੁੱਢਿਆਂ ਨੂੰ ਕਿਸੇ ਨੇ ਮਾੜਾ ਨਹੀਂ ਕਿਹਾ। ਕੁੜੀਆਂ ਦਾ ਪਿੰਛਾ ਛੱਡ ਕੇ ਆਪਣਾ ਅੱਗਾ ਸੁਆਰਨ ਦੀ ਗੱਲ ਕਰੋ (ਆਪਣੇ ਰੂਹਾਨੀ ਪੱਖ ਨੂੰ ਪਛਾਣੋਂ)। ਸਗੋਂ ਅਮੀਰ ਬੁਢਿਆਂ ਦੇ ਇਸ ਹੋਕ ਦੀ, ਕਿ ਉਹ ਛੋਟੀ ਤੋਂ ਛੋਟੀ ਉਮਰ ਦੀ ਕੁੜੀ ਨਾਲ ਵਿਆਹ ਕਰਨ ਜਾਂ ਕਾਮੁਕ ਰਿਸ਼ਤਾ ਰੱਖਣ, ਅਮਰੀਕਨ ਸਮਾਜ ਪੁਸ਼ਟੀ ਕਰਦਾ ਹੈ। ਭਾਵੇਂ ਇੰਨੇ ਜਾਣੇ ਪਛਾਣੇ ਅਤੇ ਸਤਿਕਾਰਤ ਪ੍ਰਧਾਨ ਕੈਨੇਡੀ ਦੀ ਵਿਧਵਾ ਜੈਕੂਇਨ ਹੀ ਕਿਉਂ ਨਾ ਹੋਵੇ, ਜੋ ਉਹ ਵੀ ਇਕ ਅਰਬਪੱਤੀ ਬੁੱਢੇ ਔਨਾਸਿਸ ਨਾਲ ਵਿਆਹ ਕਰਵਾ ਲਏ ਤਾਂ ਵੀ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਕਿਉਂਕਿ ਅੰਤ ਵਿਚ ਤਾਂ ਸੰਭ ਕਦਰਾਂ ਕੀਮਤਾਂ ਦਾ ਅਧਾਰ ਪੈਸਾ ਹੀ ਹੈ। ਘੱਟੋ ਘੱਟ ਸਾਡੇ ਸਮਾਜ ਵਿਚ ਕਿਸੇ ਨਾ ਕਿਸੇ ਨੇ ਹਾਅ ਦਾ ਨਾਹਰਾ ਜ਼ਰੂਰ ਮਾਰਨਾ ਸੀ ਕਿ ਕਿਉਂ ਉਠ ਦੇ ਗਲ ਟੱਲੀ ਬੰਨ ਰਹੇ ਹੋ, ਜਾਂ ਸ਼ਾਇਦ ਸਾਡੀ ਕੋਈ ਛੋਟੀ ਉਮਰ ਦੀ ਜੁਆਨ ਕੁੜੀ ਹੀ ਕਹਿੰਦੀ ਕਿ ਬੁਢਿਉ ਕੁਝ ਤਾਂ ਸ਼ਰਮ ਕਰੋ, ਕੋਈ ਆਪਣੇ ਹਾਣ ਦੀ ਲੱਭੋ। ਪ੍ਰੰਤੂ ਪੱਛਮੀਂ ਸਭਿਆਚਾਰਕ ਹਮਲਾ ਕਿਵੇਂ ਸਾਡੀਆਂ ਕਦਰਾਂ ਕੀਮਤਾਂ ਨੂੰ ਖੋਰ ਰਿਹਾ ਹੈ, ਇਸ ਦੀ ਮਿਸਾਲ ਕੈਨੇਡਾ ਵਿਚ ਹੁਣੇ ਹੁਣੇ ਬਣੀ ਫਿਲਮ "ਦੁਖ ਪੁਦੇਸਾਂ ਦੇ" ਵਿਚ ਮਿਲਦੀ ਹੈ। ਇਕ ਬੁੱਢਾ ਆਪਣੇ ਪੋਤਰੇ ਲਈ ਕੁੜੀ ਲੱਭਣ ਪੰਜਾਬ ਆਉਂਦਾ ਹੈ ਪ੍ਰੰਤੂ ਆਪ ਹੀ ਉਸ ਦੇ ਹਾਣ ਦੀ ਇਕ ਬਹੁਤ ਹੀ ਸੋਹਣੀ ਕੁੜੀ ਨਾਲ ਵਿਆਹ ਕਰਵਾ ਕੇ, ਉਸ ਨੂੰ ਕੈਨੇਡਾ ਲੈ ਜਾਂਦਾ ਹੈ। ਪੋਤਰਾ ਆਪਣੀ ਦਾਦੀ 'ਤੇ ਅੱਖ ਰਖਦਾ ਹੈ ਅਤੇ ਉਸਦਾ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਫਿਲਮ ਵਿਚ ਇਹ ਬੁੱਢਾ ਵੀ ਇਹ ਹੀ ਕਹਿੰਦਾ ਹੈ ਕਿ ਜੇ ਉਸ ਕੋਲ ਪੈਸਾ ਹੈ ਤਾਂ ਜੀਵਨ ਵਿਚ ਹਰ ਪ੍ਰਕਾਰ ਦਾ ਅਨੰਦ ਮਾਣਣਾ ਉਸਦਾ ਹੱਕ ਬਣ ਜਾਂਦਾ ਹੈ। ਭਾਵੇਂ ਕਿ ਇਸ ਫਿਲਮ ਵਿਚ ਕਿਸੇ ਨਾ ਕਿਸੇ ਤਰ੍ਹਾਂ ਇਸ ਕੁੜੀ ਦਾ ਵਿਆਹ ਫਿਰ ਆਪਣੇ ਪੁਰਾਣੇ ਪ੍ਰੇਮੀ ਨਾਲ ਹੋ ਜਾਂਦਾ ਹੈ। ਪ੍ਰੰਤੂ ਇਹ ਅਰਧ ਸਤਿਆ (ਅੱਧਾ ਸੱਚ) ਹੀ ਹੈ।

ਕੁਝ ਸਮਾਂ ਪਹਿਲਾਂ ਮੈਂ ਅਮਰੀਕਾ ਤੋਂ ਅਪਰੀਕਾ ਦੇ ਮਸ਼ਹੂਰ ਕੌਮੀ ਬਾਗ, ਮਸਾਈਮਾਰਾ ਅਤੇ ਐਂਬੋਸੈਲੀ, ਜਿਨ੍ਹਾਂ ਵਿਚ ਕਈ ਕਿਸਮ ਦੇ ਜਾਨਵਰ ਖੁੱਲ੍ਹੇ ਫਿਰ ਰਹੇ ਹਨ, ਦੇਖਣ ਗਿਆ। ਨਿਊਯਾਰਕ ਤੋਂ ਲੰਡਨ ਅਤੇ ਫਿਰ ਲੰਡਨ ਤੋਂ ਬਰਤਾਨੀਆ ਏਅਰਵੇਜ਼ ਦੇ ਨਰੋਬੀ (ਕੀਨੀਆ) ਨੂੰ ਜਾਣ ਵਾਲੇ ਜਹਾਜ਼ 'ਤੇ ਜਦੋਂ ਬੈਠਾ ਤਾਂ ਮੇਰੇ ਨਾਲ ਦੀ ਸੀਟ 'ਤੇ ਇਕ ਪੱਕੀ ਉਮਰ ਦੇ ਸਰਦਾਰ ਜੀ ਬੈਠ ਗਏ। ਕਹਿਣ ਲੱਗੇ ਕਿ ਮੇਰੀ ਆਪਣੀ ਜਨਾਨੀ ਨਾਲ ਹੀ ਨਹੀਂ ਬਣਦੀ ਸੀ, ਸੋ ਮੈਂ ਉਸ ਨੂੰ ਤਲਾਕ ਦੇ ਕੇ ਪੰਜਾਬ ਵਿਆਹ ਕਰਵਾਉਣ ਲਈ ਗਿਆ। ਮੈਨੂੰ ਉਮੀਦ ਸੀ ਕਿ ਕੋਈ ਅੱਧਖੜ ਜਨਾਨੀ ਮਿਲ ਜਾਏਗੀ, ਪ੍ਰੰਤੂ ਉਥੇ ਤਾਂ ਮੇਰਾ ਵਿਆਹ ਇਕ ਬਹੁਤ ਹੀ ਛੋਟੀ ਉਮਰ ਦੀ ਕੁੜੀ ਨਾਲ ਹੋ ਗਿਆ। ਕਹਿੰਦੇ ਕਿ ਕਿਥੇ ਤਾਂ ਪਹਿਲੀ ਜਨਾਨੀ ਸਵੇਰੇ ਉਠ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੰਦੀ ਸੀ ਪ੍ਰੰਤੂ ਹੁਣ ਇਹ ਕੁੜੀ ਸਵੇਰੇ ਉਠ ਕੇ ਮੈਨੂੰ ਮੱਥਾ ਟੇਕਦੀ ਹੈ। ਪਿਛੇ ਜਿਹੇ ਇਕ ਮਿੱਤਰ ਦਾ ਤਲਾਕ ਹੋ ਗਿਆ। ਉਨ੍ਹਾਂ ਦੀ ਉਮਰ 55 ਸਾਲ ਦੇ ਲਗਪਗ ਹੈ। ਉਹ ਕਹਿਣ ਲਗੇ ਕਿ ਮੇਰੇ ਲਈ ਪੰਜਾਬ ਵਿਚ ਕੋਈ ਔਰਤ ਦੇਖਣਾ। ਮੈਂ ਸਰਸਰੀ ਤੌਰ 'ਤੇ ਕੁਝ ਜਾਣ ਪਛਾਣ ਵਾਲਿਆਂ ਨਾਲ ਗੱਲ ਕੀਤੀ। ਕੁਝ ਲੋਕ, ਜਿਨ੍ਹਾਂ ਦੀਆਂ ਕੁੜੀਆਂ ਦੀ ਉਮਰ 18 ਸਾਲ ਦੇ ਆਸ ਪਾਸ ਸੀ, ਮੇਰੇ ਪਿੰਛੇ ਹੀ ਪੈ ਗਏ ਕਿ ਸਾਡੀ ਕੁੜੀ ਦਾ ਉਸ ਨਾਲ ਵਿਆਹ ਕਰਵਾ ਦਿਉ।

ਪੰਜਾਬੀ ਭਾਈਚਾਰੇ ਵਿਚ ਭਰੂਣ ਹੱਤਿਆ ਦਾ ਰੁਝਾਨ ਪਹਿਲਾਂ ਪੱਛਮੀ ਦੇਸਾਂ ਵਿਚ ਵੱਸਣ ਵਾਲੇ ਪੰਜਾਬੀਆਂ ਵਿਚ ਹੀ ਜ਼ਿਆਦਾਤਾਰ ਸ਼ੁਰੂ ਹੋਇਆ। ਅੱਜ ਤੱਕ ਪੰਜਾਬ ਵਿਚ ਇਹ ਰੁਝਾਨ ਮੱਧ ਸ਼੍ਰੇਣੀ ਤੱਕ ਹੀ ਜ਼ਿਆਦਾਤਾਰ ਸੀਮਤ ਹੈ, ਕਿਉਂਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਹੈ।

ਭਾਰਤ ਵਿਚ ਕੁੜੀਆਂ ਮਾਰਨ ਦਾ ਅਮਲ ਜ਼ਿਆਦਾਤਾਰ ਮੁਸਲਮਾਨਾਂ ਦੇ ਹਮਲਿਆਂ ਤੋਂ ਬਾਅਦ ਹੀ ਸ਼ੁਰੂ ਹੋਇਆ। ਹਿੰਦੂਆਂ ਵਿਚ ਇਹ ਰਿਵਾਜ਼ ਤਾਂ ਸ਼ੁਰੂ ਹੋਇਆ ਕਿਉਂਕਿ ਮੁਸਲਮਾਨ ਧਾੜਵੀ ਕੁੜੀਆਂ ਚੁੱਕ ਕੇ ਲੈ ਜਾਂਦੇ ਸਨ ਅਤੇ ਉਨ੍ਹਾਂ ਨੂੰ ਨਿਲਾਮ ਕਰ ਦਿੰਦੇ ਸਨ। ਜਦੋਂ ਰਾਜਪੂਤ ਰਾਜੇ ਲੜਾਈ ਹਾਰ ਜਾਂਦੇ ਸਨ ਤਾਂ ਉਨ੍ਹਾਂ ਦੀਆਂ ਔਰਤਾਂ ਬਲਾਤਕਾਰ ਅਤੇ ਬੇਇਜ਼ਤੀ ਤੋਂ ਬਚਨ ਲਈ ਸਤੀ ਹੋ ਜਾਂਦੀਆਂ ਸਨ। ਇਸੇ ਤਰ੍ਹਾਂ ਜੰਮਦੀਆਂ ਕੁੜੀਆਂ ਮਾਰਨ ਦਾ ਰਿਵਾਜ਼ ਵੀ ਭਾਰਤ ਵਿਚ ਰਾਜਪੂਤਾਂ ਨੇ ਹੀ ਸ਼ੁਰੂ ਕੀਤਾ। ਕਿਉਂਕਿ ਉਹ ਕਹਿੰਦੇ ਸਨ ਕਿ ਜੇ ਕੁੜੀ ਬਚੀ ਰਹੀ ਤਾਂ ਉਸਦਾ ਵਿਆਹ ਹੋਵੇਗਾ ਅਤੇ ਕੋਈ ਸਾਡਾ ਜਵਾਈ ਬਣੇਗਾ ਅਤੇ ਉਸ ਅੱਗੇ ਸਾਨੂੰ ਝੁਕਣਾ ਪਵੇਗਾ। ਰਾਜਪੂਤਾਂ ਦੇ ਅਸਰ ਨਾਲ ਹੀ ਇਹ ਰਿਵਾਜ ਜੱਟਾਂ ਵਿਚ ਸ਼ੁਰੂ ਹੋਇਆ। ਭਾਵੇਂ ਕਿ ਅਜਿਹੀਆਂ ਜਗੀਰੂ ਰੁਚੀਆਂ ਦੀ ਪ੍ਰੋੜਤਾ ਨਹੀਂ ਕੀਤੀ ਜਾ ਸਕਦੀ ਪ੍ਰੰਤੂ ਇਹ ਫਰਕ ਜ਼ਰੂਰ ਹੈ ਕਿ ਇਨ੍ਹਾਂ ਪਿਛੇ ਅਣਖ ਦੀ ਭਾਵਨਾ ਕੰਮ ਕਰ ਰਹੀ ਸੀ, ਜਦ ਕਿ ਅੱਜ ਪੰਜਾਬ ਦੀ ਅਣਖ ਡਾਲਰਾਂ, ਪੌਂਡਾਂ ਅਤੇ ਪਦਾਰਥਵਾਦ ਅੱਗੇ ਵਿਕ ਰਹੀ ਹੈ। ਹੁਣ ਕੁੜੀਆਂ ਨੂੰ ਪਦਾਰਥਕ ਲਾਭ ਲਈ ਜਾਂ ਤਾਂ ਜੰਮਣ ਤੋਂ ਪਹਿਲਾਂ ਹੀ ਮਾਰਿਆ ਜਾ ਰਿਹਾ ਹੈ ਜਾਂ ਜੰਮਣ ਤੋਂ ਬਾਅਦ ਕਿਸੇ ਵੀ ਨਰਕ ਵਿਚ ਝੋਕਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਤਾਂ ਕਿ ਉਨ੍ਹਾਂ ਦੇ ਮੋਢਿਆਂ 'ਤੇ ਸਵਾਰ ਹੋ ਕੇ, ਪ੍ਰਦੇਸਾਂ ਵਿਚ ਜਾ ਕੇ, ਆਪਣੀ ਗਰੀਬੀ ਕਟੀ ਜਾਏ ਜਾਂ ਪ੍ਰਦੇਸਾਂ ਦੇ ਸਵਰਗਾਂ ਦਾ ਅਨੰਦ ਮਾਣਿਆ ਜਾ ਸਕੇ।

ਪ੍ਰੰਤੂ ਕੁੜੀਆਂ ਦੀ ਭਰੂਣ ਹੱਤਿਆ ਕਰਨ ਵਾਲਿਆਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਅੱਜ ਪੰਜਾਬ ਵਿਚ ਮਰਦਾਂ ਅਤੇ ਔਰਤਾਂ ਦੀ ਨਿਸਬਤ ਵਿਚ ਬਹੁਤ ਫਰਕ ਪਈ ਜਾ ਰਿਹਾ ਹੈ। ਅੱਜ ਸਮੁੱਚੇ ਭਾਰਤ ਵਿਚੋਂ ਪੰਜਾਬ ਅੰਦਰ ਮਰਦਾਂ ਨਾਲੋਂ ਔਰਤਾਂ ਦੀ ਅਨੁਪਾਤਕ ਗਿਣਤੀ ਸਭ ਤੋਂ ਘੱਟ ਹੈ। ਪੰਜਾਬ ਦੀ ਦੋ ਕਰੋੜ ਪਚਵੰਜਾ ਲੱਖ ਅਬਾਦੀ ਵਿਚੋਂ ਸਿਰਫ ਇਕ ਕਰੋੜ ਪੰਜ ਲੱਖ ਔਰਤਾਂ ਹਨ। ਇਨ੍ਹਾਂ ਹੱਤਿਆਵਾਂ ਦੇ ਨਤੀਜੇ ਵਜੋਂ ਇਹ ਅਸੰਤੁਲਨ ਹੋਰ ਵਧੇਗਾ। ਇਸ ਨਾਲ ਸਮਾਜਕ ਅਸਥਿਰਤਾ ਅਤੇ ਕਈ ਹੋਰ ਗੰਭੀਰ ਸਮਾਜਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਪਹਿਲਾਂ ਹੀ ਪੰਜਾਬ ਪੱਛਮੀ ਸਭਿਆਚਾਰਕ ਹਮਲੇ ਦੀ ਮਾਰ ਹੇਠ ਇਕ ਡੂੰਘੇ ਆਰਥਕ ਅਤੇ ਸਮਾਜਕ ਸੰਕਟ ਵਿਚੋਂ ਲੰਘ ਰਿਹਾ ਹੈ। ਸਮਾਜਕ, ਅਸਥਿਰਤਾ, ਪੜ੍ਹਾਈ ਤੇ ਗਿਆਨ ਪ੍ਰਤੀ ਸਤਿਕਾਰ ਦੀ ਘਾਟ, ਸਬਰ ਸੰਤੋਖ ਦੀ ਘਾਟ, ਆਪਣੇ ਸਭਿਆਚਾਰ, ਬੋਲੀ ਅਤੇ ਵਿਰਸੇ ਨਾਲ ਘੱਟ ਲਗਾਅ ਅਤੇ ਆਪਣੀਆਂ ਪਰੰਪਰਾਵਾਂ ਪ੍ਰਤੀ ਸਤਿਕਾਰ ਦੀ ਘਾਟ ਵਿਚ ਪੰਜਾਬ ਬਾਕੀ ਹਿੰਦੁਸਤਾਨ ਨੂੰ ਪਿੱਛੇ ਛੱਡ ਗਿਆ ਹੈ। ਪੱਛਮ-ਪੁਸ਼ਤੀ, ਮੌਕਾ-ਪ੍ਰਸਤੀ, ਸ਼ਰਾਬ ਖੋਰੀ, ਨਸ਼ੇ ਅਤੇ ਦਿਸ਼ਾ-ਹੀਣਤਾ ਵਿਚ ਪੰਜਾਬ ਬਾਕੀ ਹਿੰਦੋਸਤਾਨ ਨਾਲੋਂ ਅੱਗੇ ਲੰਘ ਰਿਹਾ ਹੈ। ਪੰਜਾਬ ਨੂੰ ਇਸ ਗੰਭੀਰ ਸੰਕਟ ਵਿਚੋਂ ਕੱਢਣ ਦਾ ਇਕੋ ਇਕ ਰਸਤਾ ਪਛਮੀ ਸਭਿਆਚਾਰਕ ਹਮਲੇ ਦਾ ਟਾਕਰਾ ਕਰਨਾ ਹੈ। ਇਸ ਨਾਲ ਹੀ ਸਾਡੀਆਂ ਕਦਰਾਂ ਕੀਮਤਾਂ ਨੂੰ ਖੁਰਨ ਤੋਂ ਬਚਾਇਆ ਜਾ ਸਕਦਾ ਹੈ ਅਤੇ ਅਜਿਹਾ ਹੋਣ ਨਾਲ ਭਰੂਣ ਹੱਤਿਆ ਦੇ ਮਸਲੇ ਦਾ ਸੁਖਾਵਾਂ ਹੱਲ ਲੱਭਣ ਵਿਚ ਵੀ ਸਹਾਇਤਾ ਮਿਲ ਸਕਦੀ ਹੈ।

ਇਕ ਨੂੰ ਕੀ ਰੋਨੀਂ ਏਂ, ਉਤ ਗਿਆ ਏ ਆਵਾ!

ਪ੍ਰੋ: ਗੁਰਵਿੰਦਰ ਸਿੰਘ 'ਧਾਲੀਵਾਲ'

ਭਾਰਤ ਨੂੰ ਵਿਸ਼ਵ 'ਚ ਸਭ ਤੋਂ ਵਧੇਰੇ ਰਿਸ਼ੀਆਂ ਮੁਨੀਆਂ, ਸਾਧਾਂ-ਸੰਤਾਂ ਤੇ ਪੀਰਾਂ-ਫਕੀਰਾਂ ਦੀ ਜਨਮ-ਭੂਮੀ ਕਿਹਾ ਜਾਂਦਾ ਹੈ, ਪਰ ਵਰਤਮਾਨ ਸਮੇਂ ਇਸ ਮੁਲਕ ਦੀ ਜੋ ਦਿਸ਼ਾ ਤੇ ਦਸ਼ਾ ਤੇ ਦੁਨੀਆਂ ਸਾਹਮਣੇ ਜਾਹਿਰ ਹੋ ਰਹੀ ਹੈ, ਉਸ ਨੂੰ ਵੇਖਕੇ ਤਾਂ ਇਉਂ ਜਾਪਦਾ ਹੈ ਕਿ ਇਹ ਸੰਸਾਰ'ਚ ਅਧਿਕਤਮ ਚੋਰਾਂ-ਠੱਗਾਂ, ਡਾਕੂ-ਲੁਟੇਰਿਆਂ, ਵਿਕਾਊ ਸਿਆਸਤ ਦਾਨਾਂ ਤੇ ਧਰਮ ਦੇ ਠੇਕੇਦਾਰਾਂ, ਭੁੱਖ ਦੇ ਦੁੱਖ ਲਈ ਵਿਕਲਦੇ ਗਰੀਬਾਂ-ਭਿਖਾਰੀਆਂ ਤੇ ਜਗੀਰੂ ਨਿਜ਼ਾਮ ਦੀਆਂ ਜੋਕਾਂ ਦੀ ਸਰ-ਜ਼ਮੀਨ ਬਣ ਚੁੱਕਿਆ ਹੈ। ਇਥੇ ਨਿੱਤ-ਦਿਹਾੜੇ ਹੋ ਰਹੇ ਸਕੈਂਡਲ, ਘੁਟਾਲੇ, ਦਲਾਲੀਆਂ ਤੇ ਠੇਹਰਫੇਰੀਆਂ ਕੌਮਾਂਤਰੀ ਮੀਡੀਏ 'ਚ ਸੁਰਖੀਆਂ ਬਣੀਆਂ ਹੁੰਦੀਆਂ ਹਨ, ਜਿੰਨ੍ਹਾਂ ਨੂੰ ਪੜ੍ਹ ਕੇ 'ਸਾਰੇ ਜਹਾਂ ਸੇ ਭ੍ਰਿਸ਼ਟ ਹਿੰਦੋਸਤਾਂ ਹਮਾਰਾ' ਦੇ ਸ਼ਬਦ ਕੰਨਾਂ 'ਚ ਗੂੰਜਦੇ ਸੁਣਾਈ ਦਿੰਦੇ ਹਨ।

ਭ੍ਰਿਸ਼ਟਾਚਾਰ ਦੇ ਖੇਤਰ 'ਚ ਭਾਰਤੀਆਂ ਦੀਆਂ ਪ੍ਰਾਪਤੀਆਂ ਦਾ ਵੇਰਵਾ ਦੇਣਾ ਸ਼ੁਰੂ ਕਰੀਏ, ਤਾਂ ਸ਼ਾਇਦ ਚੰਗੀ ਵਿਸਤ੍ਰਿਤ ਇਤਿਹਾਸਕ ਪੁਸਤਕ ਲਿਖੀ ਜਾ ਸਕਦੀ ਹੈ। ਪਰ ਸੌਕੇਤ ਮਾਤਰ ਤਰੀਕੇ ਨਾਲ ਛੋਟੀਆਂ ਮੱਛੀਆਂ ਦੀ ਥਾਂ ਮਗਰਮੱਛਾਂ 'ਤੇ ਬਾਜ਼ਦਿਸ਼ੁਟੀ ਮਾਰੀਏ, ਤਾਂ ਮਹਾਨ ਭਾਰਤ ਦੇ ਵਰਤਮਾਨ ਇਤਿਹਾਸ ਵਿਚ ਕਿਧਰੇ ਬੋਫਰਜ਼ ਤੋਪ ਪਸ਼ੂਆਂ ਦੀ ਖੁਰਾਕ 'ਤੇ ਠੇਹਰਫੇਰੀ ਕਰਕੇ, ਚਾਰਾ ਘੋਟਾਲਾ ਕਰਨ ਵਾਲਾ ਮੁੱਖ ਮੰਤਰੀ ਲੱਲੂ ਪ੍ਰਸ਼ਾਦ ਯਾਦਵ ਨਜ਼ਰ ਆਉਂਦਾ ਹੈ, ਕਿਧਰੇ ਨੱਥੂ ਭਾਈ ਪਾਠਕ ਮਾਮਲੇ 'ਚ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਕਟਿਹਰੇ 'ਚ ਖੜਾ ਦਿਖਾਈ ਦਿੰਦਾ ਹੈ, ਕਿਧਰੇ ਸੰਸਦੀ ਮਾਮਲੇ 'ਚ ਲੋਕ

ਕਾਸਕੇਡ ਇਨਸ਼ੋਰੈਂਸ ਵਧੀਆ ਬਰੋਕਰ ਇਨਾਮ' ਜੇਤੂ ਹੁਣ ਐਬਟਸਫੋਰਡ ਵਿਚ

ਗੁਰਬੀਰ ਪੁਰੀ (ਗੈਰੀ) ਜਿਸ ਨੇ 1976 ਵਿਚ ਬਰਨਬੀ ਵਿਚ ਆਟੋ ਪਲਾਨ ਆਫਿਸ ਖੋਹਲਕੇ ਆਪਣਾ ਬਿਜ਼ਨਿਸ ਸ਼ੁਰੂ ਕੀਤਾ ਅਤੇ ਪਤੀ ਪਤਨੀ ਨੇ ਇਨਸ਼ੋਰੈਂਸ ਬਿਜ਼ਨਿਸ ਹਲਕਿਆਂ ਵਿਚ ਚੰਗਾ ਨਾਂ ਬਣਾ ਲਿਆ, ਸਤਾ ਸਾਲਾਂ ਵਿਚ ਉਨਾਂ ਨੇ ਆਪਣੇ ਬਿਜ਼ਨਿਸ ਨੂੰ ਆਟੋ ਪਲਾਨ ਤੋਂ ਵਧਾਕੇ ਘਰ, ਬਿਜ਼ਨਿਸ ਕਰਮਸ਼ਲ ਅਤੇ ਕੰਡੋ ਇੰਨਸ਼ੋਰੈਂਸ ਤਕ ਕਰ ਲਿਆ। ਵਾਧੂ ਸਮੇਂ ਵਿਚ ਵਾਧੂ ਕੰਮ ਕਰਕੇ 1985 ਵਿਚ ਉਨਾਂ ਨੇ ਆਪਣਾ ਦੂਜਾ ਦਫਤਰ ਸਰੀ ਵਿਚ ਖੋਹਲ ਲਿਆ ਸੀ।

ਗੈਰੀ ਹਮੇਸ਼ਾ ਹੀ ਇਮਾਨਦਾਰੀ ਨਾਲ ਸਖਤ ਮੇਹਨਤ ਕਰਨ ਵਿਚ ਵਿਸ਼ਵਾਸ ਰਖਦਾ ਹੈ ਅਤੇ ਉਹ ਕਹਿੰਦਾ ਹੈ ਕਿ ਹਰ ਵੇਲੇ,ਗਾਹਕ ਨਾਲ ਵਧੀਆ ਵਰਤਾਓ ਕਰੋ ਅਤੇ ਉਨਾਂ ਨੂੰ ਸਚੀ ਅਤੇ ਢੁਕਵੀਂ ਜਾਣਕਾਰੀ ਦਿਓ।

ਅਜ ਉਸਦੇ ਚਾਰ ਦਫਤਰਾਂ ਵਿਚ 37 ਜਾਣਕਾਰ (ਗਿਆਨ ਵਾਨ) ਲੋਕ ਕੰਮ ਕਰਦੇ ਹਨ। ਕਾਸਕੇਡ ਇੰਨਸ਼ੋਰੈਂਸ 1999 ਵਿਚ ਸਰੀ ਬੀ.ਸੀ. ਦੇ ਚਾਰ ਵਧੀਆ ਦਲਾਲਾਂ (ਬਰੋਕਰਜ਼) ਵਿਚੋਂ ਇਕ ਸੀ, ਇਸ ਲਈ ਉਨਾਂ ਨੂੰ ਉਪਟੀਮਮ ਬਰੋਕਰ ਇਨਾਮ ਨਾਲ ਨਿਵਾਜਿਆ ਗਿਆ ਅਤੇ ਦੋ ਵਾਰ ਪੈਰਸ (ਫਰਾਂਸ) ਟੂਰ ਲਾਉਣ ਦਾ ਸਾਰਾ ਖਰਚਾ ਦਿਤਾ ਗਿਆ। ਗੁਰਬੀਰ ਪੁਰੀ ਦਾ ਕਹਿਣਾ ਹੈ ਕਿ ਉਸਦੇ ਗਾਹਕਾਂ ਅਤੇ ਸਹਿਯੋਗੀਆਂ ਦੀ ਸਹਾਇਤਾ ਬਿਨਾਂ ਇਨਾਮ ਪ੍ਰਾਪਤ ਕਰਨਾ ਅਸੰਭਵ ਸੀ। ਇਸ ਸਹਾਇਤਾ ਤੇ ਸਹਿਯੋਗ ਲਈ ਗੈਰੀ ਉਨਾਂ ਦਾ ਅਤੀ ਧੰਨਵਾਦੀ ਹੈ ਅਤੇ ਅਹਿਸਾਨਵੰਦ ਹੈ।

ਹੁਣ ਉਸਨੇ ਆਪਣੇ ਚੌਥੇ ਦਫਤਰ ਐਬਟਸਫੋਰਡ-ਮਿਸ਼ਨ ਏਰੀਏ ਵਿਚ ਆਪਣੇ ਗਾਹਕਾਂ ਨੂੰ ਵਧੀਆ ਸੇਵਾ, ਵਧੀਆ ਰੇਟ ਅਤੇ ਉਨਾਂ ਦੀਆਂ ਕੀਮਤੀ ਜਾਇਦਾਦਾਂ, ਕਾਰੋਬਾਰਾਂ ਅਤੇ ਵਹੀਕਲਾਂ ਦੀ ਢੁਕਵੀਂ ਇੰਨਸ਼ੋਰੈਂਸ ਕਰਕੇ ਸੇਵਾ ਕਰਨ ਲਈ ਖੋਹਲਿਆ ਹੈ। ਗੁਰਬੀਰ ਪੁਰੀ ਦਾ ਕਹਿਣਾ ਹੈ ਕਿ ਸਾਡਾ ਐਬਟਸਫੋਰਡ ਆਉਣ ਦਾ ਸਾਰਾ ਵਿਚਾਰ ਫਾਰਮਿੰਗ ਭਾਈਚਾਰੇ ਦੀਆਂ ਲੋੜਾਂ ਦੀ ਦੇਖ ਭਾਲ ਕਰਨਾ ਅਤੇ ਉਨਾਂ ਨੂੰ ਫਸਟ ਕਲਾਸ ਸਰਵਿਸ ਪ੍ਰਦਾਨ ਕਰਨਾ ਹੈ ਜੋ ਕਿ ਉਹ ਪਿਛਲੇ 25 ਸਾਲਾਂ ਤੋਂ ਦੇ ਰਹੇ ਹਨ। ਉਨਾਂ ਦੀ ਇਹ ਵੀ ਆਖਣਾ ਹੈ ਕਿ ਸਾਡਾ ਸਟਾਫ ਪੰਜਾਬੀ ਵਿਚ ਭੀ ਸੇਵਾ ਪ੍ਰਦਾਨ ਕਰੇਗਾ।





The staff & friends at the Opening Ceremony of the Abbtosford Office

The former Publisher of Link Newspaper Mr. Pramod Puri (Left) came over to congratulate Mr. Gurbir Puri the founder of Cascade Insurance.

"Cascade Insurance" Best Broker award winner comes to Abbotsford

Back in 1976 Gurbir Puri (Gary to his friends) decided to go into business by himself and started by opening up a Auto Plan office in Burnaby. Being a family oriented person he got his wife involved and became a formidable husband-wife team in the insurance business circle.

For seven years they worked hard and expanded their business from auto planning to home, business, commercial and condo insurance. With the extra business came extra hours of work and soon in 1985 they opened up their second office which was in Surrey.

Gary who always believes in hard work and honesty says that the customer has to be treated right at all times and must be given proper and honest information no matter what.

At present they have four offices with a total staff of 37 knowledgeable people. In 1999 Cascade Insurance was judged as one of four Best Brokers in the whole of B.C. For this honour they were awarded the Optimum Broker award and an all expense paid trip for two to Paris, France. Mr. Puri says that the award would not have been possible without the assistance they received from their clients and associates. For that they are grateful to them.

Now they have opened up their fourth office to serve their customers in the Abbotsford-Mission area by providing them with the best service, better rates and proper insurance coverage for their valuable properties, businesses and vehicles (particularly farm vehicles and equipment). "Our whole idea in moving to Abbotsford is to look into the needs of the farming community and be able to provide the first class service that we are so used to providing for the last 25 years, Our staff will also provide service in Punjabi and will look after your needs," says Mr. Gurbir Puri.

ਸੂਚਨਾ

ਮੋਗਾ ਜਿਲੇ ਦੇ ਪਿੰਡਾ ਸਿਘਾਂ ਵਾਲਾ ਵਿਖੇ ਜੋ ਫਿਊਨਰਲ ਹੋਮ ਟਾਈਪ ਸਹੂਲਤ ਬਣਾਈ ਜਾਣੀ ਹੈ ਉਸ ਵਾਸਤੇ ਦਾਨ ਦੇਣ ਵਾਲੇ ਸਾਰੇ ਵੀਰਾਂ ਭੈਣਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਜਾਂਦਾ ਹੈ। ਤਕਰੀਬਨ 60 ਹਜਾਰ ਡਾਲਰ ਇਕੱਠਾ ਹੋ ਚੁਕਾ ਹੈ ਅਤੇ ਇਕ ਲੋਖ ਦਾ ਸਾਰਾ ਪ੍ਰੋਜੈਕਟ ਹੈ। ਜਿਨਾਂ ਇਲਾਕਾ ਨਿਵਾਸੀਆਂ ਨੇ ਅਜੇ ਆਪਣਾ ਯੋਗ ਦਾਨ ਨਹੀਂ ਪਾਇਆ ਉਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਲੋਕ ਸੇਵਾ ਦੇ ਕੰਮ ਵਿਚ ਆਪਣਾ ਹਿਸਾ ਜਰੂਰ ਪਾਉ। ਜਿਸ ਵੀਰ ਭੈਣ ਨੇ ਕੋਈ ਵੀ ਇਨਫਰਮੇਸ਼ਨ ਲੈਣੀ ਹੋਵੇ ਜਾਂ ਕੋਈ ਨੇਕ ਸਲਾਹ ਦੇਣੀ ਹੋਵੇ ਦਾਸ ਨਛੱਤਰ ਸਿੰਘ ਸੰਘਾ (ਪ੍ਰਧਾਨ ਖਾਲਸਾ ਦਿਵਾਨ ਸੋਸਾਇਟੀ ਐਬਟਸਫੋਰਡ) ਨੂੰ ਫੋਨ ਕਰ ਸਕਦੇ ਹੋ। 604-852-7124

ਬਾਕੀ ਕਮੇਟੀ ਦੇ ਮੈਂਬਰਾਂ ਦੇ ਨਾਂਅ

1) ਬਲਵੰਤ ਸਿੰਘ ਗਿਲ ਪਿੰਡ ਰੌਲੀ,
2) ਗੁਰਨਾਮ ਸਿੰਘ ਗਿਲ ਪਿੰਡ ਚੂਹੜਚੱਕ,
3) ਜਗੀਰ ਸਿੰਘ ਗਿਲ ਪਿੰਡ ਸਿੰਘਾਂਵਾਲਾ,
4) ਹਰਪਾਲ ਸਿੰਘ ਗਿਲ ਪਿੰਡ ਡਾਲਾ,
5) ਜਗਤਾਰ ਸਿੰਘ ਸੰਘਾ ਪਿੰਡ ਦੌਧਰ,
6) ਨਿਰਮਲ ਸਿੰਘ ਸੰਘੇੜਾ ਪਿੰਡ ਸੁਚਕਰ,
7) ਮਹਿੰਦਰ ਸਿੰਘ ਗਿਲ ਪਿੰਡ ਢੁੱਡੀਕੇ,
8) ਮਹਿੰਦਰ ਸਿੰਘ ਗਿਲ ਪਿੰਡ ਨੱਥੂਵਾਲਾ, (ਸਾਬਕਾ ਪ੍ਰਧਾਨ ਐਬਟਸਫੋਰਡ)
9), ਨਿਰਮਲ ਸਿੰਘ ਗਿਲ ਪਿੰਡ ਮੋਹਣਾ,
10) ਨਗਿੰਦਰ ਸਿੰਘ ਗਿਲ ਪਿੰਡ ਮੋਗਾ,
11) ਪ੍ਰਗਟ ਸਿੰਘ ਸਿਧੂ ਪਿੰਡ ਬਠਿੰਡਾ,
12) ਅਮਰਜੀਤ ਸਿੰਘ ਸਰਾੜ ਪਿੰਡ ਖੇਸੇ,
13) ਰੂਪ ਸਿੰਘ ਧੰਨੂ ਪਿੰਡ ਬੜੂਦੀ

Cascade Insurance Group

#112-31935 South Fraser Way., Abbotsford (In Clearbrook Plaza)

Ph: (604) 855-8828 Fax: (604) 855-4770

Now Open!

For all of Your Insurance Needs!

Experienced Advice & Best Price For:

• Fleets • Travel • Auto • Home • Business •
• Commercial • Tenants • Condo • Cargo •
Monthly Payment Plans • Low Rates
Mature Discount (45 years old +)
Senior Discount • New Home Discount
Claims Free Discount • Burglar Alarm Discount

"Know Your Coverage Before a Loss"

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
ਕੈਸਕੁਡ ਇੰਨਸ਼ੋਰੈਂਸ ਗਰੁੱਪ ਵਲੋਂ ਨਵਾਂ ਦਫਤਰ #1 12-31935 ਸਾਊਥ ਫ੍ਰੇਜ਼ਰ ਵੇਅ ਐਬਟਸਫੋਰਡ (ਕਲੀਅਰ ਬਰੁੱਕ ਪਲਾਜਾ) ਵਿੱਚ ਖੁੱਲ ਚੁੱਕਾ ਹੈ।

ਆਓ ਦਰਸ਼ਨ ਦਿਓ
ਹੇਠ ਲਿਖੀਆਂ ਇੰਨਸ਼ੋਰੈਂਸ ਸੇਵਾਵਾਂ ਹਾਜ਼ਰ ਹਨ:
* ਕਾਰਾਂ, ਘਰਾਂ, ਬਿਜਨੈਸੱ, ਕਮਰਸ਼ੀਅਲ, ਮੈਡੀਕਲ ਅਤੇ ਫਾਰਮ ਆਦਿ
ਨੋਟ
* ਨਵੇਂ ਇੰਨਸ਼ੋਰੈਂਸ ਜਾਂ ਚੱਲ ਰਹੇ ਇੰਨਸ਼ੋਰੈਂਸ ਰੀਨਿਊ ਕਰਵਾਉਣ ਵੇਲੇ ਸਾਡੇ ਨਾਲ ਸੰਪਰਕ ਕਰੋ।
ਸਾਡੇ ਵਾਜਬ ਰੇਟਾਂ ਅਤੇ ਵਧੀਆ ਸਰਵਿਸ ਦਾ ਫਾਇਦਾ ਉਠਾਓ।
* ਆਪ ਜੀ ਦੀ ਸਹੂਲਤ ਵਾਸਤੇ ਦਫ਼ਤਰ ਹਫਤੇ ਦੇ ਸੱਤ ਦਿਨ ਹੀ ਖੁੱਲ੍ਹਾ ਰਹਿੰਦਾ ਹੈ।

ਸੋਮਵਾਰ ਤੋਂ ਸ਼ੁੱਕਰਵਾਰ :- ਸਵੇਰੇ 9:00 ਵਜੇ ਤੋਂ ਰਾਤ 7:00 ਵਜੇ
ਸ਼ਨਿਚਰ ਤੋਂ ਐਤਵਾਰ :- ਸਵੇਰੇ 10:00 ਤੋਂ ਸ਼ਾਮ 5:30 ਵਜੇ

Autoplan

ਫੋਨ ਨੰ: (604) 855-8828 ਫੈਕਸ: (604) 855-4770
ਆਓ ਤੇ ਪੰਜਾਬੀ ਵਿਚ ਗਲ ਬਾਤ ਕਰੋ

Gurbir Puri



Rupinder Azad



Ken Makkar

Kam Heer

4 Locations to Serve You!

Abbotsford	Burnaby	Surrey	Vancouver
Ph: 855-8828	Ph: 430-5533	Ph: 590-2333	Ph: 877-1501
#112 - 31935 South Fraser Way (In Clearbrook Plaza)	4683 Kingsway (Across Metrotown Centre)	7577 King George Hwy. (Near Canadian Tire & VanCity)	1459 Kingsway (Near Night Street)

ABBY AUTO CENTRE

ਆਪਣੇ ਭਾਈਆਂ ਦੀ ਆਟੋ ਰਿਪੇਅਰ ਦੀ ਦੁਕਾਨ

2016 Paramount Ave, Abbotsford, B.C.

Phone (604) 852-0420



Daljit Sidhu
(Certified Technician/Owner)



For All Your Automotive Needs
(General Repairs)

-- ਕਾਰ ਇੰਜਣ ਦੀ ਹਰ ਤਰ੍ਹਾਂ ਦੀ ਮੁਰੰਮਤ ਲਈ --

• Tune Up • Brakes • Suspension Work
• Engines & Transmissions • Computer Diagnosis •
Oil Changes • Exhaust etc.

RECYCLE AUTOMOTIVE SPECIALISTS

ਰੀਸਾਈਕਲ ਆਟੋਮੋਟਿਵ ਸਰਵਿਸ ਸੈਂਟਰ ਜੋ ਕਿ ਤੁਹਾਨੂੰ ਰੀਪੇਅਰ ਉਤੇ ਤੁਹਾਡੀ ਆਪਣੀ ਪਰਾਈਸਿੰਗ ਦੀ ਚੋਣ ਦੀ ਆਫ਼ਰ ਕਰਦੇ ਹਨ

ਆਪਣੇ ਭਾਈਆਂ ਦੀ ਕਾਰਾਂ ਮੁਰੰਮਤ ਕਰਨ ਦੀ ਨਵੀਂ ਸ਼ਾਪ ਖੁਲ ਗਈ।
ਆਪਣੀ ਕਾਰ ਤਸੱਲੀ ਬਖਸ਼ ਮੁਰੰਮਤ ਕਰਵਾਉਣ ਲਈ ਆਓ।
ਬਗੈਰ ਕਿਸੇ ਝਿਜਕ ਦੇ ਕੋਈ ਵੀ ਤੁਹਾਡਾ ਸਵਾਲ ਹੈ ਸਾਡੇ ਕੋਲੋਂ ਪੁਛੋ।

ਤੇਲ ਬਦਲੀ $24.90 ਵਿਚ
5 ਲੀਟਰ ਤਕ, ਓਇਲ ਫਿਲਟਰ ਅਤੇ 25 ਪੁਇੰਟ ਮੁਫਤ ਵਿਯੂਅਲ ਸੇਫਟੀ ਇੰਸਪੈਕਸ਼ਨ
ਰਿਕਮੈਂਡਿਡ 5000 ਕਿਲੋਮੀਟਰ ਜਾਂ 4 ਮਹੀਨੇ ਦੀ।
Not Valid with Any Other Discount or Offer

ਟਾਈਮਿੰਗ ਬੈਲਟ ਦੀ ਬਦਲੀ
ਲੇਬਰ ਉਤੇ $30 ਦਾ ਛੋਟ
ਹਰ ਲਖ ਕਿਲੋਮੀਟਰ ਜਾਂ ਇਸ ਤੋਂ ਪਹਿਲਾਂ ਲਈ ਸਿਫਾ ਰਸ਼ ਕੀਤੀ ਜਾਂਦੀ ਹੈ।
ਰਿਕਮੈਂਡਿਡ 5000 ਕਿਲੋਮੀਟਰ ਜਾਂ 4 ਮਹੀਨੇ ਦੀ।
Not Valid with Any Other Discount or Offer

ਫਿਊਲ ਇੰਜਕਸ਼ ਦੀ ਸਫਾਈ ਹੁਣ ਸਿਰਫ $94.00
ਰੈਗੂਲਰ $129.00
ਰਿਕਮੈਂਡਿਡ 5000 ਕਿਲੋਮੀਟਰ ਜਾਂ 4 ਮਹੀਨੇ ਦੀ।
Not Valid with Any Other Discount or Offer



Business Hours
Mon - Fri (8-5:30)

VISA MasterCard

ਫਰੀ ਰੋਡ ਟੈਸਟ ਅਤੇ ਸਲਾਹ ਮਸ਼ਵਰਾ

859-8733

www.recycleautomotive.com

WAREHOUSE BLOWOUT

TOTAL CLEAR-OUT!

HELD OVER

$1.8 MILLION CLEARANCE

★ ਛੇ ਮਹੀਨਿਆਂ ਦੀ ਫਾਈਨਾਨਸਿੰਗ ਕੋਈ ਵਿਆਜ ਨਹੀਂ ਕੋਈ ਪੇਮੈਂਟ ਨਹੀਂ O.A.C. ★ *You Snooze ... You Loose!* ★

ਸਾਡਾ ਇਹ ਇਨਹਾਊਸ ਲੀਕੁਈਡੇਸ਼ਨ ਵੀਕ ਸਫਲ ਰਿਹਾ ਹੈ।
ਹੁਣ ਅਸੀਂ ਘਟ ਤੋਂ ਘਟ ਪਰਾਈਸ ਉਤੇ ਵਿਸ਼ਵਾਸ ਨਾ ਕਰਨ ਯੋਗ ਕੀਮਤਾਂ ਜਾਰੀ ਰਖਾਂਗੇ।

★ ATHLETIC FOOT WEAR **Starting At $9.99**	★ HOCKEY EQUIPMENT - **BLOW OUT PRICES**
★ SOCCER SHORTS (UMBRO) 99-200 **Now $9.99**	★ SNOWBOARD GEAR **up to 70% OFF**
★ INLINE STAKES JR/SR (BAUER) **Now $49.99**	★ SKI EQUIPMENT **up to 60% OFF**
★ SPORTS WEAR - **EXTREME CLEARANCE**	★ WATERSPORTS **up to 60% OFF**
★ WINTER WEAR ALL **50% OFF**	★ BASEBALL EQUIPMENT - **REDUCED FURTHER**
★ INFLATABLES **NOW 25% OFF**	★ RACKET SPORTS - **BLOW OUT PRICES**

MAD DOG'S Source for sports.

ABBOTSFORD LOCATION
#108 - 32883 South Fraser Way Abbotsford, B.C. (604) 859-4112

ਕਾਵਿ - ਕਿਆਰੀ

"ਤਹਿਲਕਾ ਡਾਟ ਕਾਮ" ਦੇਖਕੇ ਲਿਖੀ ਕਵਿਤਾ
ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੂੰ

ਹਰਭਜਨ 'ਮਾਂਗਟ'

ਭਗਤ ਸਿੰਘਾ! ਆਕੇ ਦਿੱਲੀ ਤੇ ਬੰਬ ਸਿੱਟ ਦੇ,
ਦੇਸ਼ ਨੂੰ ਵੇਚਕੇ ਖਾ ਗਈ ਫੇਰ ਦਿੱਲੀ
ਅੱਜ ਮੰਤਰੀ ਕੀ, ਤੇ ਅੱਜ ਸੰਤਰੀ ਕੀ,
ਟੋਲੀ ਗਦਾਰਾਂ ਦੀ ਆ ਗਈ ਫੇਰ ਦਿੱਲੀ
ਪਹਿਲਾਂ ਬੋਫਰ ਤੋਪਾਂ ਦੀ ਖਰੀਦ ਕਰਕੇ,
ਨੇਤਾ ਲੋਕ ਦਲਾਲੀਆਂ ਖਾ ਗਏ ਨੇ
ਹੁਣ ਫੇਰ ਹਥਿਆਰ ਖਰੀਦ ਕਰਕੇ,
ਭ੍ਰਿਸ਼ਟਾਚਾਰ ਦੇ ਲਾਂਬੂ ਲਾ ਗਏ ਨੇ!

ਭਗਤ ਸਿੰਘਾਂ! ਮੈਨੂੰ ਤੂੰ ਸੱਚ ਦੱਸੀਂ,
ਕੀ ਤੂੰ ਏਸੇ ਆਜ਼ਾਦੀ ਲਈ ਜਾਨ ਵਾਰੀ?
ਖੰਦੇ ਰਿਸ਼ਵਤਾਂ ਸਰੇ ਬਾਜ਼ਾਰ ਨੇਤਾ,
ਰੋਜ਼ ਗਰੀਬਾਂ ਦੇ ਦਿਲਾਂ ਤੇ ਫਿਰੇ ਆਰੀ!
ਭਗਤ ਸਿੰਘ ਨੇ ਆਖਿਆ 'ਹਮਵਤਨੋਂ।
ਇਨ੍ਹਾਂ ਲੋਕਾਂ ਨੇ ਦੇਸ਼ ਨੂੰ ਡੋਬ ਦਿੱਤਾ
ਭਾਰਤ ਮਾਂ ਦੀ ਛਾਤੀ ਦੇ ਵਿਚ ਖੰਜਰ,
ਭ੍ਰਿਸ਼ਟਾਚਾਰ ਵਾਲਾ ਇਨ੍ਹਾਂ ਨੇ ਖੋਭ ਦਿੱਤਾ!

ਮੈਂ ਨਹੀਂ ਸੀ ਐਸੀ ਆਜ਼ਾਦੀ ਖਾਤਰ,
ਜਾਨ ਆਪਣੀ ਵੀਰੇ ਕੁਰਬਾਨ ਕੀਤੀ।
ਮੈਂ ਇਨਕਲਾਬ ਦੀ ਸ਼ਮ੍ਹਾਂ ਤੇ ਸੜੂਕੇ ਤੇ,
ਉਚੀ ਦੇਸ਼ ਦੀ ਵੀਰੇ ਸੀ ਸ਼ਾਨ ਕੀਤੀ।

ਜਦ ਅੰਨਦਾਤਾ ਮੇਰੇ ਪੰਜਾਬ ਵਾਲਾ,
ਦੇਖਾਂ ਮੈਂ ਖੁਦਕੁਸ਼ੀ ਹੈ ਪਿਆ ਕਰਦਾ
ਕਿਉਂ ਮਰੇ ਉਹ ਭੁੱਖਾ ਜੋ ਦੇਸ਼ ਦਾ ਹੈ
ਕਰਕੇ ਐਨ ਪੈਦਾ ਵੀਰੇ ਢਿੱਡ ਭਰਦਾ।

ਜਾਗੋ, ਸੰਭਲੋ ਦੇਸ਼ ਦੇ ਵਾਸੀਓ ਹੁਣ,
ਸੁਪਨਾ ਮੇਰਾ ਅਜ ਸਾਕਾਰ ਹੋਵੇ
ਸਾਡੇ ਦੇਸ਼ ਅੰਦਰ ਸੱਚੇ ਸ਼ੁੱਚਿਆਂ ਦੀ
ਸੁਹਣੀ ਜਿਹੀ ਇਕ ਲੋਕ-ਸਰਕਾਰ ਹੋਵੇ!

ਜਾਗੋ! ਅੱਜ ਇਕਵਾਰ ਮੁੜ ਤੁਹਾਨੂੰ,
ਸੁੱਤਿਆਂ ਤਾਈਂ ਜਗਾ ਗਈ ਫੇਰ ਦਿੱਲੀ
ਅਜ ਮੰਤਰੀ ਕੀ ਤੇ ਅਜ ਸੰਤਰੀ ਕੀ
ਟੋਲੀ ਗਦਾਰਾਂ ਦੀ ਆ ਗਈ ਫੇਰ ਦਿੱਲੀ

ਭਗਤ ਸਿੰਘ ਸਰਦਾਰ ਨੂੰ ਯਾਦ ਕਰਕੇ!
ਆਓ ਰਲਕੇ ਕਦਮ ਵਧਾ ਲਈਏ
ਜਿਹੜਾ ਰਾਹ ਸੀ ਦੱਸਿਆ ਭਗਤ ਸਿੰਘ ਨੇ,
ਓਸ ਰਾਹ ਨੂੰ ਆਪਾਂ ਆਪਣਾ ਲਈਏ
ਦੇਸ਼ ਵਿਚੋਂ ਗਰੀਬੀ ਨੂੰ ਦੂਰ ਕਰੀਏ,
ਭ੍ਰਿਸ਼ਟਾਚਾਰ ਦਾ ਬਿਸਤਰਾ ਗੋਲ ਕਰੀਏ
ਦੇਸ਼ ਵਾਲੇ ਡਰਾਮੇ ਵਿਚ ਆ 'ਮਾਂਗਟ'
ਭਗਤ ਸਿੰਘ ਵਰਗਾ ਕੋਈ ਰੋਲ ਕਰੀਏ

ਗ਼ਜ਼ਲ

ਹਰਭਜਨ 'ਮਾਂਗਟ'

ਸੋਚਿਆਂ ਬਿਨ ਪੈਰ ਜਦ ਪੁੱਟਿਆ ਗਿਆ,
ਜ਼ਿੰਦਗੀ ਦਾ ਕਾਫ਼ਲਾ ਲੁੱਟਿਆ ਗਿਆ!

ਪੰਛੀਆਂ ਨੇ ਚੋਗ ਦੇਖੀ, ਦੋਸਤਾ,
ਦੇਖਿਆ ਨਾ ਜਾਲ ਜੋ ਸੁੱਟਿਆ ਗਿਆ!

ਅੱਖ ਪਥਰਾਈ ਉਦੋਂ ਇਨਸਾਫ ਦੀ,
ਬਦ ਬੋਦੇਸ਼ਾ ਜੇਲ੍ਹ ਵਿਚ ਸੁੱਟਿਆ ਗਿਆ!

ਦੇਖ ਤੂੰ ਰੋਇਆ ਬੇਰੁੱਤਾ ਮੇਘਲਾ,
ਘੁੱਗੀਆਂ ਦਾ ਗਲ ਕਿਤੇ ਘੁੱਟਿਆ ਗਿਆ!

'ਮਾਂਗਟ' ਇਹ ਹੈ ਦਿਲਾਂ ਦਾ ਮਾਮਲਾ,
ਦਿਲ ਜਦੋਂ ਵੀ ਦੋਸਤਾ ਟੁੱਟਿਆ ਗਿਆ!

ਗ਼ਜ਼ਲ

ਹਰਚਰਨ ਮਾਂਗਟ, ਰਾਮਪੁਰੀ

ਸੰਗ ਦਿਲ ਨਾਲ ਪਿਆਰ ਮੁਸ਼ਕਿਲ ਹੈ
ਉਮਰ ਭਰ ਦਾ ਇੰਤਜ਼ਾਰ ਮੁਸ਼ਕਿਲ ਹੈ
ਕਿਸੇ ਲਈ ਮਰ ਸਿਟਣਾ ਮੁਹੱਬਤ ਹੈ,
ਮੁਹੱਬਤ ਦਾ ਇਜ਼ਹਾਰ ਮੁਸ਼ਕਿਲ ਹੈ
ਵਾਅਦਾ ਵਫਾ ਹੀ ਨਾ ਕੀਤਾ ਕਦੇ,
ਪੂਰਾ ਹੋਵੇ ਤਿਰਾ ਇਕਰਾਰ ਮੁਸ਼ਕਿਲ ਹੈ
ਹੱਕ ਸੱਚ ਲਈ ਘੋਲ ਕੀਤੇ ਬਿਨਾ,
ਹੱਕ ਦੇਵੇ ਸਰਕਾਰ ਮੁਸ਼ਕਿਲ ਹੈ!
ਸਿਰ ਕਟਾਏ ਬਿਨਾਂ ਮਕਤਲ ਵਿੱਚ
ਦਿਲ ਦੇਵੇ ਦਿਲਦਾਰ ਮੁਸ਼ਕਿਲ ਹੈ
ਸੰਘੀ ਨੌਪੇ ਬਿਨਾਂ ਲੁਟੇਰੇ ਦੀ,
ਲੁੱਟ ਬੰਦ ਕਰੇ ਜ਼ਰਦਾਰ ਮੁਸ਼ਕਿਲ ਹੈ
ਕਿਰਦਾਰ ਜੋ ਸਿਰਜਿਆ ਅਮਲਾਂ ਨੇ,
ਛੁਪਾਵਾਂ ਉਹ ਕਿਰਦਾਰ ਮੁਸ਼ਕਿਲ ਹੈ

ਗ਼ਜ਼ਲ

ਗੁਰਦਰਸ਼ਨ 'ਬਾਦਲ'

ਕਿਸਨੂੰ ਖੋਲ੍ਹ ਸੁਣਾਵਾਂ, ਦੁਖ ਪ੍ਰਦੇਸਾਂ ਦੇ,
ਧੁਪ ਨੇ ਨਿਗਲੀਆਂ ਛਾਵਾਂ, ਦੁਖ ਪ੍ਰਦੇਸਾਂ ਦੇ।
ਭੀੜ ਪਈ ਤੋਂ ਸਾਰੇ ਅਖ ਚੁਰਾ ਜਾਵਣ,
ਕੀ ਪੁਤਰ, ਕੀ ਮਾਵਾਂ, ਦੁਖ ਪ੍ਰਦੇਸਾਂ ਦੇ।
ਕਣਕ ਬਥੇਰੀ ਉਗਦੀ, ਫਿਰਵੀ ਖਾਂਦੇ ਨੇ,
ਮੁਰਗੇ, ਬਕਰੇ, ਗਾਂਵਾਂ, ਦੁਖ ਪ੍ਰਦੇਸਾਂ ਦੇ।
ਨੀਂਦਰ ਤਾਂਈਂ ਭਜਾਵੇ ਬੋਲ ਅਲਾਰਮ ਦਾ,
ਸਾਰਾ ਦਿਨ ਉਘਲਾਵਾਂ, ਦੁਖ ਪ੍ਰਦੇਸਾਂ ਦੇ।
ਸੁਪਨੇ ਵਿਚ ਵੀ ਘਿਲ ਹੀ ਪਿਛਾ ਕਰਦੇ ਨੇ,।
ਭਜ ਨਠ ਵਿਚ ਭੁਗਤਾਵਾਂ, ਦੁਖ ਪ੍ਰਦੇਸਾਂ ਦੇ।
ਹਸਦੀ ਹਸਦੀ ਬੀਵੀ, ਬਾਣੇ ਜਾ ਖੜ੍ਹਦੀ,
ਫਿਰ ਬੋਅੰਤ ਸਜਾਵਾਂ, ਦੁਖ ਪ੍ਰਦੇਸਾਂ ਦੇ।
ਆਖਣ ਨੂੰ ਤਾਂ ਚਾਰੇ ਪਾਸੇ ਸੁਹੱਪਣ ਹੈ,
ਆਓ! ਕੋਹਝ ਵਿਖਾਵਾਂ, ਦੁਖ ਪ੍ਰਦੇਸਾਂ ਦੇ।
ਆਪਣੇ ਦੇਸ ਦੀ ਬਾਦਲ ਕਿਧਰੇ ਰੀਸ ਨਹੀਂ,
ਏਥੇ ਹੀ ਗਲ ਮੁਕਾਵਾਂ, ਵਿਚ ਪ੍ਰਦੇਸਾਂ ਦੇ।

ਇਕ ਕਾਵਿ-ਚਿੱਤਰ

ਪੰਜਾਬੀ ਗ਼ਜ਼ਲ ਦਾ ਸਿਰਨਾਵਾਂ "ਅਜਾਇਬ ਚਿਤ੍ਰਕਾਰ"

ਹਰਭਜਨ 'ਮਾਂਗਟ'

ਉਹ ਤਾਂ ਪੰਜਾਬੀ ਗ਼ਜ਼ਲ ਦਾ ਸਿਰਨਾਵਾਂ ਹੈ
ਉਸਦੀ ਗ਼ਜ਼ਲ ਤਾਂ ਦਿਲਾਂ ਦੀ ਦਾਸਤਾਂ ਹੈ
ਰੋਸ਼ਨੀ ਦੀ ਤਲਾਸ਼
ਦਰਦ ਦਾ ਇਜ਼ਹਾਰ
ਗਮ ਦੀ ਚਾਸ਼ਨੀ ਹਰ ਸ਼ੇਅਰ ਵਿਚ
ਉਹ ਗ਼ਜ਼ਲਾਂ ਵਿਚ ਚਿਤ੍ਰਕਾਰੀ
ਤੇ ਚਿਤ੍ਰਕਾਰੀ ਵਿਚ ਗ਼ਜ਼ਲਾਂ ਲਿਖਣ ਵਾਲਾ
"ਅਜਾਇਬ" ਸ਼ਾਇਰ ਚਿਤ੍ਰਕਾਰ ਹੈ
ਆਵਾਜ਼ਾਂ 'ਚ ਉਹ ਰੰਗ ਭਰਦਾ
ਹਰ ਗ਼ਜ਼ਲ ਨੂੰ ਤਖੱਯਲ ਤੇ ਕ੍ਰਿਤੀਆਂ ਦੀ ਦਿਸ਼ਾ
ਦੇਂਦਾ...ਹਮੇਸ਼ਾ ਨਰੋਈਆਂ ਕਦਰਾਂ ਕੀਮਤਾਂ ਦਾ
ਜ਼ਿੰਦਗੀ ਦੀ ਅੱਕਾਸੀ ਕਰਦਾ
ਕੈਨਵੈਸ ਤੇ ਨਿਰੀਆਂ ਨਜ਼ਮਾਂ
ਗ਼ਜ਼ਲਾਂ ਤੇ ਗੀਤਾਂ ਦੇ ਰੰਗ ਵਿਖੇਰੇ
'ਹਰਪ੍ਰਕਾਸ਼ ਤੇ ਮਾਂਗਟ ਹਰਭਜਨ ਦਾ ਯਾਰ
ਜਿਸਦੀ ਦੋਸਤੀ ਤੇ ਰੱਬ ਵਰਗਾ ਮਾਣ!

"ਉਡੀਕਾਂ"

ਪ੍ਰਮਜੀਤ 'ਮਾਨ'

ਵਿੱਚ ਪਰਦੇਸਾਂ ਜਾ ਕੇ ਬਹਿ ਗਿਆ ਤੂੰ ਮਾਹੀਆ ਵੇ,
ਉਡਿੱਆ ਤੂੰ ਲੰਮੀਆਂ ਉਡਾਰੀਆਂ,
ਸੱਸ ਸੌਹਰਾ, ਦੇਉਰ ਜੇਠ ਬਣੇ ਨੇ ਸ਼ਰੀਕ ਮੇਰੇ,
ਝੁਲਦੀਆਂ ਮੇਰੇ ਤੇ ਹਨੇਰੀਆਂ,
ਖੱਤ ਵੀ ਨਾ ਪਾਇਆ, ਕਦੇ ਫੁਨ ਵੀ ਨਾ ਕੀਤਾ ਤੂੰ,
ਖੇਰੂੰ ਖੇਰੂੰ ਹੋਈਆਂ ਆਸਾਂ ਮੇਰੀਆਂ,
ਤੇਰੇ ਬਿਨਾਂ ਜੱਗ ਮੈਨੂੰ ਸੁੰਨਾ ਸੁੰਨਾ ਲਗਦਾ,
ਦੱਸ ਕੌਣ ਦੇਵੇ ਮੈਨੂੰ ਹੌਲਾ ਸ਼ੇਰੀਆਂ,
ਜਾਈ ਨਾ ਤੂੰ, ਜਾਂਈ ਨਾ ਤੂੰ ਵਿਚ ਪਰਦੇਸਾਂ ਦੇ,
ਚੰਦਰਿਆ, ਕੀਤੀਆਂ ਸੀ ਮਿੰਨਤਾਂ ਬਥੇਰੀਆਂ,
ਆ ਕਿ ਵੇਖ "ਮਾਨਾ" ਹੰਝੂ ਮੁੱਕ ਗਏ ਨੇ ਅੱਖੀਆਂ
ਅੱਜ ਵੀ ਉਡੀਕਾਂ ਮੈਨੂੰ ਤੇਰੀਆਂ।

ਕਈ ਵਾਰੀ

ਸੁਖਮਿੰਦਰ ਰਾਮਪੁਰੀ

ਕਈ ਵਾਰੀ ਆਪ ਨੂੰ ਕੋਈ ਕੰਮ ਲਾਕੇ
ਮੈਂ ਆਪ, ਉਥੇ ਚਲਾ ਜਾਂਦਾ ਹਾਂ
ਜਿਥੇ ਕੁਝ ਵੀ ਨਹੀਂ, ਜੇ ਉਦੋਂ ਸੀ।
ਬਹੁਤ ਵਾਰੀ ਕਿਹਾਏ, ਆਪ ਆਪਣੇ ਆਪ ਨੂੰ
ਕਿ ਇਸ ਮਸ਼ੀਨੀ ਯੁਗ ਵਿਚ ਤਨ ਨੂੰ ਇਕੱਲਾ
ਛੱਡਕੇ,
ਕੱਢਿਆ ਨਾ ਕਰ ਅਤੀਤ ਨੂੰ!
ਬਹੁਤ ਵਾਰੀ ਕਿਹਾ ਏ ਆਪ ਖੁੱਲ ਅਪਣੇ ਆਪ ਨੂੰ
ਹੁਣ ਜੇ ਵੀ ਹੈ, ਤੇਰੇ 'ਚ ਹੈ ਮਿਲਣੀਆਂ ਦੇ ਸਾਂਝੇ ਹੋਏ
ਪਲ ਸੰਭਾਲੇ! ਹੁਣ ਵਿਚ ਉਨ੍ਹਾਂ ਦੀ ਆਸ ਭਰ
ਹੁਣ ਵਿਚ ਉਨ੍ਹਾਂ ਦੇ ਰੰਗ ਭਰ
ਚਾਅ ਭਰ, ਉਮੰਗ ਭਰ, ਅੱਜ ਨੂੰ ਐਵੇਂ ਨਾ ਗਾਲ
ਕਈ ਵਾਰੀ, ਆਪ ਨੂੰ ਕੋਈ ਕੰਮ ਲਾਕੇ
ਮੈਂ ਆਪ, ਉਥੇ ਚਲਾ ਜਾਂਦਾ ਹਾਂ
ਜਿਥੇ ਕੁਝ ਵੀ ਨਹੀਂ
ਓਦੋਂ ਜਿਹਾ
ਜੋ ਉਦੋਂ ਸੀ

ਗ਼ਜ਼ਲ

ਪਲਪਲ ਲੇਖੇ ਲਾਇਆ ਕਰ।
ਐਵੇਂ ਨਾ ਵਕਤ ਗਵਾਇਆ ਕਰ।
ਹੋਂਦ ਹਨੇਰੇ ਦੀ ਕੱਚੀ,
ਚਾਨਣ ਬਣ ਟਕਰਾਇਆ ਕਰ।
ਹਵਾਏ ਨੀ, ਘਰ ਸਹਿਮ ਜਾਵੇ,
ਬੂਹਾ ਨਾ ਖਵਕਾਇਆ ਕਰ।
ਹਿੰਮਤ ਹੈ ਤਾਂ ਆਫਤ ਨੂੰ,
ਹਾਕਾਂ ਮਾਰ ਬੁਲਾਇਆ ਕਰ।
ਮਾਇਆ ਤੋਂ ਨਿਰਲੇਪ ਰਹੇ,
ਦਿਲ ਨੂੰ ਤੂੰ ਸਮਝਾਇਆ ਕਰ।
ਘੁੱਘੀਆਂ, ਕੁੰਜਾਂ, ਚਿੜੀਆਂ ਨੂੰ,
ਐਵੇਂ ਨਾ ਤੜਪਾਇਆ ਕਰ।
ਖੀਸਾ ਖਾਲੀ ਜਦ ਹੋਵੇ,
ਓਦੋਂ ਵੀ ਮੁਸਕਾਇਆ ਕਰ।
ਮਤਲਬ ਖਾਤਰ ਐ 'ਬਾਦਲ'!
ਐਵੇਂ ਨਾ ਗਿਰ ਜਾਇਆ ਕਰ।

ਰਾਹ-ਗੁਜ਼ਰ

ਹਰੀ ਸਿੰਘ 'ਤਾਤਲਾ'

ਮਿਲੇ ਸਾਂ ਇੱਕ ਵਾਰ ਰਾਹ-ਗੁਜ਼ਰ 'ਤੇ ਚਲਦੇ ਚਲਦੇ
ਤਾਂ ਤੂੰ ਕਿਹਾ ਸੀ
ਕਿ ਤੇਰੀਆਂ ਵੀਰਾਨ ਰਾਤਾਂ ਨੂੰ ਵਸਲ ਕਰ ਦਿਆਂਗੀ
ਇਹ ਕਹਿ ਤੂੰ ਚਲੀ ਗਈ
ਮਿਲੇ ਸਾਂ ਇੱਕ ਦੋ ਵਾਰ ਮਹਿਫਲਾਂ ਦੇ ਕਿਨਾਰਿਆਂ 'ਤੇ
ਤਾਂ ਤੂੰ ਕਿਹਾ ਸੀ
ਕਿ ਬਾਕੀ ਜ਼ਿੰਦਗੀ ਦੇ ਨਾਚ ਮੈਂ ਸਿਖਾਵਾਂਗੀ
ਇਹ ਕਹਿ ਤੂੰ ਚਲੀ ਗਈ
ਫੇਰ ਜਦੋਂ ਮੈਂ ਇੱਕ ਵਾਰ ਬਿਮਾਰ ਸੀ
ਅਚਾਨਕ ਤੂੰ ਮੇਰੇ ਗਮਾਂ ਦੀ ਜ਼ਹਿਰ ਪੀ ਗਈ
ਤੇ ਤੂੰ ਕਿਹਾ ਸੀ
ਕਿ ਤੇਰੇ ਦੁਖਾਂਤ ਮੈਂ ਵੰਡਾਵਾਂਗੀ
ਇਹ ਕਹਿ ਤੂੰ ਚਲੀ ਗਈ
ਮੌਸਮਾਂ ਨੇ ਜਦ ਮੇਰੀ ਨਫ਼ਸਾਂ ਨੂੰ ਤੋੜਨਾ ਚਾਹਿਆ
ਤੂੰ ਬੇ-ਪਰਵਾਹੀ 'ਚ
ਆਪ ਦੀ ਰਹਿਮਤਾਂ ਦੇ ਸਾਹ
ਮੈਨੂੰ ਇੱਕ ਚੁੰਮਣ 'ਚ ਦੇ ਗਈ
ਤਾਂ ਤੂੰ ਕਿਹਾ ਸੀ
ਕਿ ਮੁਹੱਬਤ 'ਚ ਕੁਰਬਾਨ ਹੋ ਜਾਵਾਂਗੀ
ਇਹ ਕਹਿ ਤੂੰ ਚਲੀ ਗਈ
ਅੱਜ,
ਤੇਰੇ ਕਾਰਨ ਮੇਰੀਆਂ ਵਸਲ ਰਾਤਾਂ ਸੱਜਰੀਆਂ ਨੇ
ਤੇਰੇ ਸਿਖਾਉਣ ਤੇ ਮੇਰੇ ਕਦਮਾਂ 'ਚ ਨਾਚ ਨੇ
ਤੇਰੀ ਕੁਰਬਾਨੀਆਂ ਕਾਰਨ ਮੇਰੇ ਪੱਕੇ ਇਰਾਦੇ ਨੇ
ਤੇਰੀ ਰਹਿਮਤਾਂ ਸਦਕੇ ਮੇਰੇ 'ਚ ਤਾਜ਼ਾ ਦਮ ਨੇ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

EAST WEST MUSICAL ART SCHOOL

ਪੂਰਬ ਪੱਛਮ ਪੰਜਾਬੀ ਸੰਗੀਤ ਕਲਾ ਸਕੂਲ

ਆਪ ਜੀ ਨੂੰ ਜਾਣਕੇ ਬੜੀ ਖੁਸ਼ੀ ਹੋਵੇਗੀ ਕਿ ਆਪਣੇ ਹੀ ਸ਼ਹਿਰ ਵਿਚ 15/5/01 ਨੂੰ ਪਹਿਲੀ ਵਾਰ ਖੁੱਲ੍ਹ ਰਿਹਾ ਹੈ "ਪੰਜਾਬੀ ਸੰਗੀਤ ਕਲਾ ਸਕੂਲ।" ਅਸੀਂ ਇਸ ਵਿਚ ਆਪ ਨੂੰ ਹਰਮੋਨੀਅਮ, ਕੀਬੋਰਡ, ਤੱਬਲਾ, ਗਟਾਰ, ਤੂੰਬੀ, ਢੋਲ ਤੇ ਗਾਉਣਾ ਸਿਖਾਵਾਂਗੇ।

ਬੱਚਿਆਂ ਤੋਂ ਲੈ ਕੇ ਕਿਸੇ ਵੀ ਉਮਰ ਦੇ ਚਾਹਵਾਨ ਸੱਜਣ ਸਾਡੇ ਨਾਲ ਸੰਪਰਕ ਕਰੋ ਜੀ। - ਸਾਡੇ ਕੋਲ ਖਾਸ ਟੀਚਰਾਂ ਦਾ ਪ੍ਰਬੰਧ ਹੈ

ਫੋਨ ਨੰ: Home (604) 556-2478 Cell (604) 897-1116

ਜੇ ਤੁਸੀਂ ਹੇਠ ਲਿਖੇ ਪ੍ਰੋਗਰਾਮ ਕਰਵਾਉਣਾ ਚਾਹੁੰਦੇ ਹੋ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰੋ ਜੀ। ਜਿਵੇਂ:-
ਧਾਰਮਿਕ, ਸਿੱਖਿਆ, ਸਿਹਰਾ ਪਾਰਟੀ ਜਾਂ ਰੀਸੈਪਸ਼ਨ ਜਨਮ ਦਿਨ ਪਾਰਟੀ, ਐਨਵਰਸਰੀ ਪਾਰਟੀ

Cell (604) 897-1116 Home (604) 556-2478



Cont'd from page 16

"ਹਾਲਾਂ ਤਾਂ ਮੇਰੇ ਦੇਸ਼ 'ਚ ਤੱਕ ਲੈ,
ਜੰਗਲ ਦਾ ਹੀ ਰਾਜ ਹੈ ਇਥੇ।
ਅੰਨ੍ਹੀ ਪੀਵੇ ਕੁੱਤੀ ਚੌਟੇ,
ਰਾਜੇ ਸ਼ਹਿ ਮੁਕੱਦਮ ਕੁੱਤੇ।
ਵਾੜ ਖੇਤ ਨੂੰ ਖਾਈ ਜਾਵੇ।
ਮਾਲੀ ਹੀ ਲਾਂਬੂ ਲਾਈ ਜਾਵੇ,
ਜੀਣਾ ਹੁਣ ਦੁਸ਼ਵਾਰ ਹੈ ਇਥੇ।
ਅੰਨ੍ਹੀ ਬੋਲੀ ਸਰਕਾਰ ਹੈ ਇਥੇ।"

ਹਿੰਦੁਸਤਾਨ 'ਤੇ ਸ਼ਾਸ਼ਨ ਕਰ ਰਹੀ ਸਰਕਾਰ ਦੀ ਪ੍ਰਮੁਖ ਸਿਆਸੀ ਪਾਰਟੀ ਬੀ.ਜੇ.ਪੀ.ਦੇ ਕੌਮੀ ਪ੍ਰਧਾਨ ਬੰਗਾਰੂ ਲਕਸ਼ਮਣ ਦੁਆਰਾ, ਹਥਿਆਰਾਂ ਦੇ ਸੌਦੇ ਵਾਸਤੇ ਵੱਢੀ ਲੈਣ, ਆਪਣੀ ਸਿਆਸੀ ਤਾਕਤ ਨਾਲ ਵਜ਼ਾਰਤ 'ਤੇ ਅਜਿਹੇ ਜਾਅਲੀ ਸੌਦੇ ਲਈ ਵਿਚੋਲਗਿਰੀ ਵਾਸਤੇ ਇਕਰਾਰ ਕਰਨ ਅਤੇ ਲੱਖਾਂ ਰੁਪਏ ਪੇਸ਼ਗੀ ਵਜੋਂ ਮੰਗਣ ਦੇ ਦ੍ਰਿਸ਼ ਵਿਖਾਕੇ ਵੈਬਸਾਈਟ 'ਤਹਿਲਕਾ ਡਾਟ ਕਾਮ' ਨੇ ਨਾ ਸਿਰਫ ਭਾਰਤ ਭਰ ਦੀ ਰਾਜਨੀਤੀ 'ਚ ਹੀ ਤਹਿਲਕਾ ਮਚਾਇਆ ਹੈ, ਸਗੋਂ ਸੂਖਮ ਇਲੈਕਟ੍ਰਾਨਿਕ ਉਪਕਰਣਾਂ ਰਾਹੀਂ ਤਿਆਰ ਕੀਤੀ ਵੀਡੀਉ ਰਿਕਾਰਡਿੰਗ ਰਾਹੀਂ, ਅਨੇਕਾਂ ਹੋਰ ਸਿਆਸੀ ਦਲਾਲਾਂ ਦੇ ਕੋਝੇ ਕਿਰਦਾਰ ਨੂੰ ਵੀ ਅਵਾਮ ਸਾਹਵੇਂ ਨੰਗਾ ਕੀਤਾ ਹੈ ਸੰਨ 2000 ਦੇ ਮਈ ਮਹੀਨੇ ਦੌਰਾਨ ਮੈਚ ਫਿਕਸਿੰਗ ਰਾਹੀਂ, ਕਰੋੜਾਂ ਰੁਪਿਆ ਬਟੋਰਨ ਵਾਲੇ ਦੇਸ਼ ਦੇ ਸਿਰ-ਕੱਢ ਖਿਡਾਰੀਆਂ ਦਾ ਪਰਦਾ ਫਾਸ਼ ਕਰਨ ਵਾਲੀ ਇਸ ਪ੍ਰਾਈਵੇਟ ਸਾਈਟ ਨੇ, ਇਕ ਮਿਲੀਅਨ ਰੁਪਿਆ ਖਰਚਕੇ, ਕਰੀਬ ਅੱਠ ਮਹੀਨੇ ਦੇ ਕਰੜੀ ਮਿਹਨਤ ਮਗਰੋਂ ਇਹ ਕਾਰਨਾਮਾ ਕਰਕੇ ਵੱਡੀ ਜਿੱਤ ਹਾਸਿਲ ਕੀਤੀ ਹੈ। ਇਸ ਮਕਸਦ ਦੀ ਪੂਰਤੀ ਲਈ ਇਕ ਫਰਜ਼ੀ ਹਥਿਆਰਾਂ ਦਾ ਵਪਾਰ ਕਰਨ ਵਾਲੀ ਕੰਪਨੀ 'ਵੈਸਟ ਐਂਡ ਇੰਟਰਨੈਸ਼ਨਲ' ਤਿਆਰ ਕੀਤੀ ਗਈ, ਜਿਸ ਨੇ ਰੱਖਿਆ ਵਿਭਾਗ ਦੇ 'ਵਿਕਰੂਊ ਮਾਲ' ਅਧਿਕਾਰੀਆਂ ਰਾਹੀਂ, ਰਾਤ ਸਮੇਂ ਫੋਜ ਦੀ ਵਰਤੋਂ 'ਚ ਆਉਣ ਵਾਲੀਆਂ ਦੂਰਬੀਨਾਂ 'ਬਾਇ-ਨੋਕੁਲਰਜ਼' ਦੇ ਸੌਦੇ ਲਈ ਚਾਂਦੀ ਦੀਆਂ ਜੁਤੀਆਂ ਮਾਰੀਆਂ। ਆਪਣੀ ਸੌ ਘੰਟਿਆਂ ਦੀ ਵੀਡੀਉ ਰਿਕਾਰਡਿੰਗ ਦੌਰਾਨ ਇਨ੍ਹਾਂ ਸ਼ਿਕਾਰੀਆਂ ਦੁਆਰਾ ਜਿਨ੍ਹਾਂ ਬਘਿਆੜਾਂ ਨੂੰ ਸ਼ਿਕੰਜੇ 'ਚ ਜਕੜਿਆ ਗਿਆ ਹੈ, ਉਨ੍ਹਾਂ 'ਚ ਕੌਂਦੀ ਮੰਤਰੀਆਂ ਤੋਂ ਲੈ ਕੇ ਭਾਜਪਾ ਦੇ ਟਰੰਸਟੀਆਂ ਤੱਕ, ਸਮਤਾ ਪਾਰਟੀ ਦੀ ਪ੍ਰਧਾਨ ਤੋਂ ਲੈਕੇ ਮੇਜਰ ਜਨਰਲਾਂ, ਬ੍ਰਿਗੇਡੀਅਰਾਂ, ਲੈਫਟੀਨੈਂਟ ਕਰਨਲਾਂ ਅਤੇ ਵਿਭਾਗੀ ਸਚਿਵਾਂ ਤਕ ਦੀਆਂ ਕਾਲੀਆਂ ਕਰਤੂਤਾਂ ਸ਼ਾਮਿਲ ਹਨ।

ਮੁਲਕ ਦੀ ਮਾਸੂਮ ਜਨਤਾ ਦਾ ਕੱਦੂ ਕਸ਼ ਕਰਨ ਵਾਲੇ ਇਨ੍ਹਾਂ ਦਲਾਲਾਂ ਨੂੰ, ਕੀ ਨਿਆਂ ਪਲਿਕਾ ਕੋਈ ਸਜ਼ਾ ਦੇਵੇਗੀ? ਪ੍ਰਸ਼ਾਸ਼ਨਿਕ ਢਾਂਚੇ ਦੀਆਂ ਧੱਜੀਆਂ ਉਡਾ ਕੇ, ਦੇਸ਼ ਦੀ ਸੁਰੱਖਿਆ ਵਿਵਸਥਾ ਦੀਆਂ ਜੜ੍ਹਾਂ 'ਚ ਤੇਲ ਦੇਣ ਵਾਲਿਆਂ ਖਿਲਾਫ ਸਾਂਸਦ ਕੋਈ ਕਾਨੂੰਨ ਬਣਾ ਸਕੇਗਾ? ਆਪਣੀਆਂ ਅਨੇਕਾਂ ਗਲਤੀਆਂ 'ਚੋਂ ਇਕ ਫੜੀ ਜਾਣ 'ਤੇ, ਕੀ ਦੇਸ਼ ਦੀ ਸਾਸ਼ਕ ਹਕੂਮਤ ਇਖਲਾਕੀ ਗਿਰਾਵਟ ਦੇ ਆਧਾਰ 'ਤੇ ਅਸਤੀਫਾ ਦੇਵੇਗੀ? ਰਾਸ਼ਟਰ ਦਾ ਬੇਤਾ ਗਰਕ ਕਰਨ ਵਾਲੇ, ਤਹਿਲਕਾ ਜਾਲ 'ਚ ਆ ਫਸੇ ਇਨ੍ਹਾਂ ਮਗਰਮੱਛਾਂ ਨੂੰ ਵੀ 'ਰਾਸ਼ਟਰ ਵਿਰੋਧੀ ਤੰਤ੍ਰ', ਵੱਖਵਾਦੀ ਜਾਂ ਅੰਤਵਾਦੀ ਆਖਕੇ ਕਿਸੇ ਜੇਲ੍ਹ ਦੀਆਂ ਸਲਾਖਾਂ ਪ

RE-ELECT

Mike de Jong for MLA

BC Liberals



Mike exchanging gifts with popular singer Hans Raj Hans during performance in Vancouver

Mike visiting the Golden Temple in Amritsar to commemorate the 300th anniversary of the founding of the Khalsa

Mike arriving in Punjab State on recent visit to India

Re-elect Mike de Jong as your BC Liberal MLA in Abbotsford Mt. Lehman

BC Liberals BC Liberals

Mike de Jong knows **YOUR** issues

Mike de Jong is someone **YOU** can trust

Mike de Jong will represent **YOU** in Victoria

RE-ELECT MIKE DE JONG AS YOUR MLA

To meet and talk to Mike drop by the campaign office at 2448 Towline Rd. or call 577-0501

Authorized by Dan Dalton, Financial Agent for Mike de Jong, 859-1172

ਐਬਟਸਫੋਰਡ-ਮਾਉਂਟ ਰਾਈਡਿੰਗ ਤੋਂ ਬੀ.ਸੀ. ਯੂਨਿਟੀ ਉਮੀਦਵਾਰ ਗੁਲੇਰੀਆਂ ਕਾਵਾਸੀਸੀ

ਐਬਟਸਫੋਰਡ-ਮਾਉਂਟ ਲੇਮੈਨ ਰਾਈਡਿੰਗ ਤੋਂ ਬੀ.ਸੀ. ਯੂਨਿਟੀ ਪਾਰਟੀ ਦੀ ਉਮੀਦਵਾਰ ਗਲੋਰੀਆ ਕਾਵਾਸੀਸੀ ਹੈ, ਉਹ ਸ਼ਾਦੀ ਸ਼ੁਦਾ ਹੈ। ਉਸਦੇ ਚਾਰ ਬੱਚੇ ਹਨ, 2 ਲੜਕੀਆਂ ਅਤੇ 2 ਲੜਕੇ। ਜੋ 16 ਤੋਂ 23 ਸਾਲ ਦੀ ਉਮਰ ਦੇ ਹਨ। ਉਸਨੇ ਅਲਬਰਟਾ ਯੂਨੀਵਰਸਿਟੀ ਤੋਂ ਬੀ.ਏ. ਪਾਸ ਕੀਤੀ ਅਤੇ ਕੈਮਲੂਪਸ ਵਿਚ ਉਸਦਾ ਜਨਮ ਹੋਇਆ ਸੀ।

ਸਤ ਸਾਲ ਉਸਨੇ ਕੁਰੱਕਸ਼ਨਲ ਸਰਵਿਸ ਆਫ ਕੈਨੇਡਾ ਨਾਲ ਕੰਮ ਕੀਤਾ। ਇੰਪਲਾਇਮੈਂਟ ਸਟੈਂਡਰਡ ਬਰਾਂਚ ਦੀ ਉਹ ਇੰਡਸਟਰੀਅਲ ਰੀਲੇਸ਼ਨ ਅਫੀਸਰ ਰਹਿ ਚੁਕੀ ਹੈ।

ਉਸਨੇ ਵਰਕਰਜ਼ ਕੰਪਨੈਸੇਸ਼ਨ ਵਿਚ ਵੀ ਕੰਮ ਕੀਤਾ ਅਤੇ ਸਟੈਨੇਗਰਾਫੀ ਬਿਜ਼ਨਿਸ ਦੀ ਮੈਨੇਜਰ ਰਹੀ। ਹੋਰ ਕਈ ਸੋਸ਼ਲ ਜਥੇਬੰਦੀਆਂ ਵਿਚ ਸਰਗਰਮ ਰਹੀ ਹੈ।

ਉਸਦਾ ਕਹਿਣਾ ਹੈ ਕਿ ਜੇ ਤੁਸੀਂ ਮੈਨੂੰ ਚੁਣੋਗੇ ਮੈਂ ਤੁਹਾਡੇ ਪ੍ਰਵਾਰਾਂ ਲਈ ਡਟਕੇ ਕੰਮ ਕਰਾਂਗੀ। ਮੈਂ ਬੇਇਨਸਾਫੀ ਵਿਰੁਧ ਲੜਾਂਗੀ। ਮੈਂ ਆਪਣੇ ਹਲਕੇ ਦੇ ਸਾਰੇ ਮੈਂਬਰਾਂ ਦੀ ਗਲ ਧਿਆਨ ਨਾਲ ਸੁਣਾਂਗੀ ਅਤੇ ਉਨਾਂ ਦੀਆਂ ਸਮੱਸਿਆਂਵਾਂ ਹਲ ਕਰਨ ਦਾ ਪੂਰਾ ਪੂਰਾ ਯਤਨ ਕਰਾਂਗੀ। ਮੈਂ ਸਮਝਦੀ ਹਾਂ ਕਿ ਕਿਵੇਂ ਐਨ.ਡੀ.ਪੀ. ਦੀਆਂ ਨੀਤੀਆਂ ਕਾਰਨ ਬ੍ਰਿਟਿਸ਼ ਕਲੰਬੀਅਨਾਂ ਨੂੰ ਔਖਿਆਈਆਂ ਹੋਈਆਂ ਅਤੇ ਵਿਰੋਧੀ ਲਿਬਰਲ ਪਾਰਟੀ ਨੇ ਇਨਾਂ ਦੀ ਵਿਰੋਧਤਾ ਕਰਨ ਵਿਚ ਅਸਫਲ ਰਹੀ। ਆਪਣੀ ਪਾਰਟੀ ਦਾ ਪ੍ਰੋਗਰਾਮ ਨੀਤੀ ਬਾਰੇ ਦਸਦਿਆਂ ਉਸਨੇ ਕਿਹਾ ਕਿ ਹੈਲਥ ਪਾਲਿਸੀ ਤੋਂ ਫੈਡਰਲ ਦਾ ਕੰਟਰੋਲ ਖਤਮ ਕਰਨਾ ਕਿਉਂਕਿ ਉਹ ਇਕ ਚੌਬਾਈ ਫੰਡਿੰਗ ਕਰਕੇ ਰਾਜਾਂ ਨੂੰ ਨੀਤੀ ਡਿਕਟੇਟ ਕਰਦਾ ਹੈ। ਚੋਣੇ ਹੋਏ ਹਸਪਤਾਲ ਬੋਰਡਾਂ ਨੂੰ ਰੀਸਟੋਰ ਕਰਨਾ, ਵਿਦਿਆ ਬਾਰੇ ਉਸਨੇ ਕਿਹਾ ਕਿ ਪ੍ਰਵਾਰਕ ਕਦਰਾਂ ਤੇ ਅਧਾਰਤ ਵਿਦਿਆ ਦੇ ਹਕ ਵਿਚ ਹਨ ਅਤੇ ਪੰਜਾਬੀ ਬਾਰੇ ਉਨਾਂ ਕਿਹਹਾ ਕਿ ਇਹ ਹਰ ਇਕ ਦੀ ਆਪਣੀ ਚੋਣ ਹੋਣੀ ਚਾਹੀਦੀ ਹੈ। ਵਾਤਾਵਰਨ ਬਾਰੇ ਉਸਨੇ ਕਿਹਹਾ ਕਿ ਹੋਰ ਪਾਰਕਾਂ ਬਨਾਉਣਾ ਅਤੇ ਹੋਰ ਦਰਖਤ ਲਗਾ ਕੇ ਵਧ ਰਹੇ ਪੁਲਿਊਸ਼ਨ ਨੂੰ ਘਟਾਉਣਾ ਸਾਡਾ ਪ੍ਰੋਗਰਾਮ ਹੋਵੇਗਾ।

ਉਨਾਂ ਹੋਰ ਕਿਹਾ ਕਿ ਬੋਲਣ ਦੀ ਅਤੇ ਇਕਤਰਤਾਵਾਂ ਕਰਨ ਦੀ ਆਜ਼ਾਦੀ ਅਤੇ ਸਭ ਧਰਮ, ਐਸੋਸੀਏਸ਼ਨਾਂ ਨੂੰ ਬਰਾਬਰ ਦੇ ਅਧਿਕਾਰ ਹੋਣੇ ਚਾਹੀਦੇ ਹਨ। ਅਸੀਂ ਯਕੀਨ ਕਰਦੇ ਹਾਂ ਕਿ ਪਦਾਰਥਕ ਇਛਾਵਾਂ ਹੀ ਕਾਫੀ ਨਹੀਂ ਹਨ ਲੋਕਾਂ ਦੀਆਂ ਆਸਾਂ, ਸੁਪਨੇ ਅਤੇ ਇਛਾਵਾਂ ਜਰੂਰ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

ਉਨਾਂ ਕਿਹਾ ਕਿ ਬੀ.ਸੀ. ਲਈ ਪ੍ਰਬੰਧ ਨੂੰ ਸੁਧਾਰਨ ਹਿਤ ਨਵਾਂ ਸੰਵਿਧਾਨ ਲਈ ਅਸੀਂ ਵਚਨ ਵਧ ਹਾਂ। ਇਹ ਸੰਵਿਧਾਨ ਲੋਕਾਂ ਵਲੋਂ ਪ੍ਰਵਾਨਤ ਹੋਏਗਾ ਅਤੇ ਕੇਵਲ ਲੋਕਾਂ ਵਲੋਂ ਹੀ ਇਸ ਵਿਚ ਤਰਮੀਮ ਹੋ ਸਕੇਗੀ।

25000 ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ। ਟੈਕਸ ਘਟਾਉਣ ਦਾ ਪੰਜ ਸਾਲਾ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ।

ਉਨਾਂ ਹੋਰ ਕਿਹਾ ਕਿ ਇਮੀਗਰੇਸ਼ਨ ਅਤੇ ਸਾਧਨਾ ਉਤੇ ਰਾਜਦਾ ਕੰਟਰੋਲ ਚਾਹੀਦਾ ਹੈ। ਫੈਡਰਲ ਅਤੇ ਪ੍ਰੋਵਿੰਸ਼ਲ ਸਬੰਧ ਕਿਉਬਕ ਵਾਂਗ ਬੀ.ਸੀ. ਲਈ ਹੋਣਗੇ।

ਬੀ.ਸੀ. ਯੂਨਿਟੀ ਯੂਨੀਵਰਸਲ ਟਰੀਟੀ ਪਲਾਨ ਨੂੰ ਅਪਨਾਏਗੀ। ਰੀਜ਼ਰਵ ਸਿਸਟਮ ਨੂੰ ਖਤਮ ਕਰੇਗੀ।

ਕਵੀਸ਼ਰੀ ਤੋਂ ਗਾਇਕੀ ਤੱਕ ਦਾ ਸਫਰ:- ਹਰਭਜਨ ਮਾਨ

ਗੁਰਦੀਪ ਸਿੰਘ 'ਗਰੇਵਾਲ'

ਹਰਭਜਨ ਮਾਨ ਪੰਜਾਬੀ ਗਾਇਕੀ ਦਾ ਉਚ ਕੋਟੀ ਦਾ ਕਲਾਕਾਰ ਹੈ। ਉਸ ਦੀ ਅਵਾਜ਼ ਵਿਚ ਮਿਠਾਸ ਹੈ। ਹਰਭਜਨ ਮਾਂਗਟ ਨੇ ਗਾਇਕੀ ਤੋਂ ਪਹਿਲਾਂ ਆਪਣਾ ਜੀਵਨ ਸਫਰ ਕਵੀਸ਼ਰੀ ਤੋਂ ਸ਼ੁਰੂ ਕੀਤਾ ਸੀ। ਕਵੀਸ਼ਰੀ ਦਾ ਸ਼ੌਕ ਤਾਂ ਹਰਭਜਨ ਦੇ ਤਿੰਨ ਸਾਲ ਹੀ ਪਾਲ ਸਕਿਆ, ਅੱਸੀਵਿਆਂ 'ਚ ਉਹ ਕੈਨੇਡਾ ਆ ਗਿਆ, ਇੱਥੇ ਆ ਕੇ ਪੜ੍ਹਾਈ ਵੀ ਕੀਤੀ ਤੇ ਲੱਕੜ ਮਿੱਲਾਂ ਵਿਚ ਕੰਮ ਵੀ ਕੀਤਾ ਪਰ ਉਸ ਦੇ ਅੰਦਰਲਾ ਜਜਬਾ ਤਾਂ ਕੁਝ ਕਰਨ ਦਾ ਸੀ। ਫਿਰ ਚਿੱਠੀਏ ਨੀਂ ਚਿੱਠੀਏ ਗੀਤ ਰਾਹੀਂ ਮਾਂ ਦੇ ਦਰਦ ਮੰਦ ਦਿਲ ਦੀ ਹੂਕ ਨੂੰ ਸੋਜ਼ ਭਰੀ ਅਵਾਜ਼ ਵਿੱਚ ਗਾਕੇ, ਕੁਝ ਦਿਨਾਂ ਵਿੱਚ ਹੀ ਹਰਭਜਨ ਦੁਨੀਆਂ ਭਰ 'ਚ ਵਸਦੇ ਪੰਜਾਬੀਆਂ ਦਾ ਚਹੇਤਾ ਤੇ ਲਾਡਲਾ ਗਾਇਕ ਬਣ ਗਿਆ ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਉਹ ਨਿੱਤ ਨਵੀਆਂ ਬੁਲੰਦੀਆਂ ਸਿਰਜਦਾ ਅੱਗੇ ਹੀ ਅੱਗੇ ਵਧਦਾ ਗਿਆ। ਉਸ ਦੀ ਗਾਇਕੀ ਵਿੱਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ। ਉਸ ਦੀ ਗਾਇਕੀ 'ਚ ਕਵੀਸ਼ਰੀ ਦਾ ਰੰਗ ਵੀ ਤੇ ਢਾਡੀ ਪਰੰਪਰਾ ਦਾ ਰੰਗ ਵੀ ਹੈ ਇਸਲਈ ਉਸ ਦਾ ਗਾਇਆ ਪੰਥ ਤੇਰੇ ਦੀਆਂ ਗੂੰਜਾਂ ਜੁਗੇ ਜੁਗ ਪੈਂਦੀਆਂ ਰਹਿਣਗੀਆਂ। ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ "ਚਿੱਠੀਏ ਨੀਂ ਚਿੱਠੀਏ", ਤੇ "ਬਾਬਲ ਮੇਰੀਆਂ ਗੁੱਡੀਆਂ" ਨੂੰ ਕੀਹਨੇ ਨੀਂ ਸੁਣਿਆ। ਹਰਭਜਨ ਦੇ ਗੀਤਾਂ, ਵਿੱਚ ਪੰਜਾਬੀ ਸਭਿਆਚਾਰ ਦਾ ਸੋਹਣਾ ਤੇ ਸਿਹਤਮੰਦ ਰੰਗ ਉਘੜਦਾ ਹੈ। ਹੋਰ ਬਹੁਤੇ ਗਾਇਕਾਂ ਵਾਂਗ ਉਸ ਨੇ ਲੱਚਰ ਨਹੀਂ ਗਾਇਆ, ਸਗੋਂ ਲੱਚਰਤਾ ਤੋਂ ਪਾਸਾ ਵੱਟ ਕੇ, ਆਪਣਾ ਮਿਆਰ ਕਾਇਮ ਰਖਿਆ ਹੈ। ਉਸ ਨੂੰ ਸੁਥਰਾ ਤੇ ਸੁਰੀਲਾ ਗਾਇਕ ਵੀ ਕਿਹਾ ਜਾ ਸਕਦਾ ਹੈ, ਉਸ ਦੀ ਸਮਝ ਨੂੰ ਤਿੱਖਾ ਕਰਨ ਤੇ ਸਾਣ ਉਤੇ ਲਾਉਣ ਵਿਚ ਪੰਜਾਬੀ ਜ਼ੁਬਾਨ ਦੇ ਮਾਣ ਤੇ ਸਿਰਮੌਰ ਕਵੀਸ਼ਰ ਸ:ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦਾ ਬਹੁਤ ਵੱਡਾ ਹੱਥ ਹੈ। ਉਨ੍ਹਾਂ ਨੇ ਹੀ ਸਾਹਿਤ ਕਵੀਸ਼ਰੀ ਅਤੇ ਗਾਇਨ ਕਲਾ ਦੀ ਮੁਢਲੀ ਤਾਲੀਮ ਦੇ ਕੇ ਹਰਭਜਨ ਨੂੰ ਅੱਗੇ ਤੋਰਿਆ, ਕਰਨੈਲ ਸਿੰਘ ਪਾਰਸ ਦੀਆਂ ਅਮਰ ਕਿਰਤਾਂ ਨੂੰ ਗਾ ਕੇ ਹਰਭਜਨ ਪੰਜਾਬੀ ਗਾਇਕੀ ਦੇ ਅੰਬਰਾਂ ਤੇ ਛਾ ਗਿਆ। ਕੁਝ ਸਮੇਂ ਤੋਂ ਪੌਪ ਗਾਇਕੀ ਦਾ ਬੋਲਬਾਲਾ ਹੋਣ ਨਾਲ ਹਰਭਜਨ ਨੇ ਵੀ ਇਸ ਪਾਸੇ ਰੁਖ ਕੀਤਾ। ਉਸ ਦੀ ਪਹਿਲੀ ਪੌਪ ਕੈਸੇਟ ਉਏ ਉਏ ਸੀ ਤੇ ਕੁਝ ਸਮਾਂ ਪਹਿਲਾਂ ਉਸ ਦੀ ਦੂਸਰੀ ਪੌਪ ਕੈਸੇਟ ਲਾਲਾ ਲਾਲਾ ਲਾਲਾ ਆਈ। ਉਸ ਵਿੱਚ ਹਰਭਜਨ ਨੇ ਮਿਰਜਾ ਗਾ ਕੇ ਬੱਲੇ ਬੱਲੇ ਕਰਵਾ ਦਿੱਤੀ, ਇਸ ਹੋਣਹਾਰ ਗਾਇਕ ਦਾ ਜਨਮ 30 ਦਸੰਬਰ 1965 ਨੂੰ ਪਿੰਡ ਖੇਮੂਆਣਾ ਜ਼ਿਲ੍ਹਾ ਬਠਿੰਡਾ ਵਿੱਚ ਹੋਇਆ। ਹਰਭਜਨ ਦੀ ਮਾਤਾ ਦਲੀਪ ਕੌਰ ਸਵਰਗ ਸਿਧਾਰ ਚੁੱਕੇ ਹਨ ਤੇ ਪਿਤਾ ਸ:ਹਰਨੇਕ ਸਿੰਘ ਮਾਨ ਸਰੀ ਵਿਖੇ ਰਹਿ ਰਹੇ ਹਨ, ਹਰਭਜਨ ਹੋਰੀ ਚਾਰ ਭਰਾ ਤੇ ਤਿੰਨ ਭੈਣਾਂ ਹਨ। ਉਸ ਦੀਆਂ ਦੋ ਭੈਣਾਂ ਬੀ.ਸੀ. ਦੇ ਸ਼ਹਿਰ ਮੇਰਟ ਵਿਖੇ ਰਹਿੰਦੀਆਂ ਹਨ। ਹਰਭਜਨ ਦਾ ਵਿਆਹ ਪਾਰਸ ਰਾਮੂਵਾਲੀਏ ਦੀ ਪੋਤਰੀ ਹਰਮਨਦੀਪ ਕੌਰ ਨਾਲ ਹੋਇਆ। ਹੁਣ ਉਹ ਦੋ ਬੱਚਿਆਂ, ਬੇਟਾ ਅਵੀਕਾਸ਼ ਤੇ ਬੇਟੀ ਸਾਹਿਰ ਦਾ ਪਿਤਾ ਹੈ। ਹਰਭਜਨ ਬਹੁਤ ਛੋਟੀ ਵੱਡੇ ਪਰਦੇ ਤੇ ਵੀ ਦਿਖਾਈ ਦੇਵੇਗਾ। ਪਿੰਛੇ ਜਿਹੇ ਹਰਭਜਨ ਕੈਨੇਡਾ ਸ਼ੋਅ ਕਰਨ ਆਇਆ ਜਦੋਂ ਉਸ ਨੇ ਸਟੇਜ ਤੋਂ ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ ਗਾਇਆ ਤਾਂ ਬਹੁਤ ਸਾਰੇ ਸਰੋਤਿਆਂ ਦੀਆਂ ਅੱਖਾਂ ਚੋਂ ਹੰਝੂ ਵਗਣ ਲੱਗ ਪਏ। ਹਰਭਜਨ ਦੀ ਕੋਸ਼ਿਸ਼ ਹੈ ਕਿ ਉਸ ਦਾ ਭਰਾ ਵੀ ਗੁਰਸੇਵਕ ਮਾਨ ਉਸ ਵਾਂਗ ਪੰਜਾਬੀ ਗਾਇਕੀ ਵਿਚ ਆਪਣਾ ਮੁਕਾਮ ਬਣਾਵੇ। ਹਰਭਜਨ ਦੀ ਗਾਇਕੀ ਨੂੰ ਸਿਖਰਾਂ ਤੇ ਪਹੁੰਚਣ ਲਈ ਸੰਗੀਤੇ ਦੇ ਬਾਦਸ਼ਾਹ ਚਰਨਜੀਤ ਆਹੂਜਾ ਦਾ ਵੀ ਬਹੁਤ ਵੱਡਾ ਹੱਥ ਹੈ। ਅੱਜਕੱਲ੍ਹ ਹਰਭਜਨ ਮਾਨ ਪਟਿਆਲਾ ਵਿਖੇ, ਸਰਹਿੰਦ ਰੋਡ ਤੇ ਸਥਿਤ ਮਾਨ ਵਿਲਾ ਵਿਖੇ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹੈ। ਪਰਮਾਤਮਾ ਕਰੇ ਇਹ ਹੋਣਹਾਰ ਗਾਇਕ ਆਪਣੀ ਸਾਫ ਸੁਥਰੀ ਗਾਇਕੀ ਰਾਹੀਂ ਇਸੇ ਤਰਾਂ ਮਾਂ ਬੋਲੀ ਦੀ ਸੇਵਾ ਕਰਦਾ ਰਾਹੇ।

Your Way to a New, Dynamic and Prosperous British Columbia

BC Unity



Chris Delaney
For Leader of Unity BC

Gloria Cavacece
Candidate
Abbotsford-Mt.Lehman

Peter Stiegelmar
Candidate
Abbtosford-Clayburn

A Unity Government Would:

- ☑ Eliminate Photo Radar
- ☑ MLA's MUST have a Free Vote
- ☑ Universal Treaty Plan for Aboriginals
  - Cash and Land for each individual
  - Would establish Aboriginals as full citizens
  - Would hold a referendum by both sides
- ☑ Explore a 'toll' Bridge to Vancouver Island
- ☑ Begin a tax reduction program, moving to a flat fax within 5 years
- ☑ Stop the property purchase tax on homes
- ☑ Stop the sales tax surcharge on hotel rooms
- ☑ Give ALL families the child-care subsidy
- ☑ Promote BC grown agricultural products
- ☑ Constitutionalize the definition of marriage as between a man and a woman

ਯੂਨਿਟੀ ਸਰਕਾਰ ਕਰੇਗੀ?

- ☑ ਫੋਟੋ ਰਾਡਾਰ ਹਟਾਏ ਜਾਣਗੇ।
- ☑ ਐਮ.ਐਲ.ਏ. ਆਜਾਦ ਵੋਟ ਪਾ ਸਕਣਗੇ।
- ☑ ਐਬਰੀਜੀਨਲਜ਼ ਨਾਲ ਯੂਨੀਵਰਸਲ ਟਰੀਟੀ।
  - -ਹਰ ਇਕ ਲਈ ਜ਼ਮੀਨ (ਲੈਂਡ) ਅਤੇ ਕੈਸ਼ (ਨਕਦੀ)
  - -ਔਰੀਜ਼ੀਨਲਜ਼ ਨੂੰ ਪੂਰੇ ਨਾਗਰਕਾਂ ਵਾਲੀ ਸਥਾਪਤੀ
  - -ਦੋਵਾਂ ਧਿਰਾਂ ਦੁਆਰਾ ਰੀਫਰੈਂਡਮ ਕਰਾਇਆ ਜਾਏਗਾ।
- ☑ ਵੈਨਕੋਵਰ ਆਈਲੈਂਡ ਲਈ ਟੋਲ ਬਰਿਜ਼ ਸੰਭਾਵਨਾ
- ☑ ਪੰਜਾ ਸਾਲਾਂ ਦੇ ਅੰਦਰ ਅੰਦਰ ਇਕ ਫਲੈਟ ਟੈਕਸ ਲਈ ਮੂਵ, ਟੈਕਸ ਕਟੌਤੀ ਪ੍ਰੋਗਰਾਮ ਸ਼ੁਰੂ ਕੀਤਾ ਜਾਏਗਾ।
- ☑ ਘਰਾਂ ਉਤੇ ਪ੍ਰਾਪਰਟੀ ਖਰੀਦ ਟੈਕਸ ਦਾ ਖਾਤਮਾ।
- ☑ ਹੋਟਲ ਦੇ ਰੂਮਾਂ 'ਤੇ ਸੇਲਜ਼ ਟੈਕਸ ਸਰਚਾਰਜ਼ ਬੰਦ ਹੋਏਗਾ।
- ☑ ਸਾਰੇ ਪ੍ਰਵਾਰਾਂ ਨੂੰ ਚਾਈਲਡ ਕੇਅਰ ਸਬਸਿਡੀ ਦਿਤੀ ਜਾਵੇਗੀ।
- ☑ ਬੀ.ਸੀ. ਦੀ ਖੇਤੀਬਾੜੀ ਪੈਦਾਵਾਰ ਨੂੰ ਉਤਸਾਹਤ ਕੀਤਾ ਜਾਏਗਾ।
- ☑ ਆਦਮੀ ਦਾ ਔਰਤ ਨਾਲ ਵਿਆਹ ਦੀ ਪ੍ਰੀਭਾਸ਼ਾ ਨੂੰ ਕਾਨੂੰਨੀ ਮਾਨਤਾ ਦਿਤੀ ਜਾਏਗੀ।

www.unityparty.bc.ca

ਸਥਾਨਕ ਖਬਰਾਂ

ਸਕੋਸ਼ੀਆ ਬੈਂਕ ਵਿਚ ਲੁੱਟਣ ਦੀ ਵਾਰਦਾਤ

ਕੁਝ ਦਿਨ ਪਹਿਲਾਂ ਕਲੀਅਰਬਰੁੱਕ ਤੇ ਸਥਿਤ ਸਕੋਸ਼ੀਆ ਬੈਂਕ ਵਿੱਚ ਦੁਪਹਿਰ ਸਮੇਂ ਦਾਖਲ ਹੋਇਆ ਤੇ ਟੈਲਰ ਨੂੰ ਦਿੰਦਿਆਂ ਉਸ ਨੇ ਕਿਹਾ ਕਿ ਜੋ ਕੈਸ਼ ਤੇਰੇ ਕੋਲ ਹੈ, ਮੈਨੂੰ ਦੇ ਦਿਉ। ਉਸ ਨੇ ਇਹ ਦਸਿਆ ਕਿ ਉਸ ਕੋਲ ਇਕ ਹਥਿਆਰ ਹੈ। ਟੈਲਰ ਤੋਂ ਕੈਸ਼ ਲੈਕੇ ਉਥੋਂ ਖਿਸਕ ਗਿਆ। ਪੁਲਿਸ ਨੇ ਉਸ ਦਾ ਹੁਲੀਆ ਬਿਆਨ ਕਰਦਿਆਂ ਦਸਿਆ ਕਿ ਉਹ ਪੰਜ ਫੁੱਟ, ਨੌਂ ਇੰਚ ਉਚਾ, ਪਤਲਾ ਜਵਾਨ ਸੀ ਤੇ ਉਸ ਨੇ ਗੂੜ੍ਹੇ ਰੰਗ ਦੀ ਟੋਪੀ, ਰੰਗਦਾਰ ਐਨਕਾਂ, ਜੀਨ ਅਤੇ ਜੈਕਟ ਪਾਈ ਹੋਈ ਸੀ। ਪੁਲਿਸ ਅਨੁਸਾਰ ਉਸ ਦੀ ਪਹਿਚਾਣ ਕਰ ਲਈ ਗਈ ਹੈ ਪਰ ਅਜੇ ਤਕ ਗਿਰਫਤਾਰ ਨਹੀਂ ਕੀਤਾ ਗਿਆ। ਯਾਦ ਰਹੇ ਕਿ ਬਿਲਕੁਲ ਇਸ ਤਰ੍ਹਾਂ ਦੀਆਂ ਕਈ ਵਾਰਦਾਤਾਂ ਪਿਛਲੇ ਥੋੜੇ ਸਮੇਂ ਵਿਚ ਹੋ ਚੁੱਕੀਆਂ ਹਨ।

ਨੌਜਵਾਨ ਅਪਰਾਧੀ ਕਾਬੂ

ਕੁਝ ਦਿਨ ਪਹਿਲਾਂ ਲੈਂਗਲੀ ਦੇ 15 ਸਾਲਾ ਕੁੜੀ ਟ੍ਰੇਸੀ ਬੈਸ਼ਮ ਦੀ ਲਾਸ਼ ਉਸਦੇ 52 ਐਵਾਨਿਊ ਦੇ ਘਰੋਂ ਮਿਲੀ। ਪੁਲਿਸ ਨੇ ਇਸ ਸਬੰਧ ਵਿਚ ਇਕ 17 ਸਾਲਾ ਨੌਜਵਾਨ ਫੜਿਆ ਗਿਆ ਪਰ ਯੰਗ ਆਫੈਂਡਰ ਐਕਟ ਅਧੀਨ ਉਸ ਦਾ ਨਾਂ ਨਹੀਂ ਦੱਸਿਆ ਅਤੇ ਹੋਰ ਪੜਤਾਲ ਜਾਰੀ ਹੈ। ਇਸ ਕਤਲ ਨਾਲ ਲੈਂਗਲੀ ਦੇ ਡੀ.ਡਬਲੀਊ, ਪੋਪੀ ਸੈਕੰਡਰੀ ਸਕੂਲ ਦੇ ਵਿਦਿਆਰਥੀ ਅਤੇ ਹੋਰ ਪੜਤਾਲ ਸਹਿਮੇ ਹੋਏ ਹਨ। ਸ਼ੱਕੀ ਅਪਰਾਧੀ ਲੜਕਾ, ਲੜਕੀ ਦੇ ਪਰਵਾਰ ਦਾ ਜਾਣ ਪਛਾਣ ਵਾਲਾ ਦਸਿਆ ਜਾਂਦਾ ਹੈ। ਪੁਲਿਸ ਨੂੰ ਕਤਲ ਦੀ ਸੂਚਨਾ ਕਤਲ ਹੋਈ ਲੜਕੀ ਦੇ ਭਰਾ ਨੇ ਉਦੋਂ ਦਿਤੀ ਜਦੋਂ ਉਹ ਦੁਪਹਿਰੇ 1 ਵਜੇ ਦੇ ਕਰੀਬ ਘਰ ਆਇਆ। ਉਸ ਦਾ ਵਿਚਾਰ ਹੈ ਕਿ ਉਸ ਦੀ ਭੈਣ ਨੂੰ ਕੁੱਟ ਮਾਰ ਕੇ ਮਾਰਿਆ ਗਿਆ ਹੈ।

ਹੋ ਚੁੱਕੇ ਫੈਸਲਿਆਂ ਤੇ ਮੁੜ ਬਹਿਸ ਹੋਵੇਗੀ

ਕੀ ਕਿਸੇ ਸਿਟੀ ਕਾਉਂਸਲ ਵਿਚ ਹੋਏ ਫੈਸਲਿਆਂ ਤੇ ਮੁੜ ਚਰਚਾ ਹੋ ਸਕਦੀ ਹੈ? ਸਰਸਰੀ ਨਜ਼ਰੇ ਤਾਂ ਇਉਂ ਲਗਦਾ ਹੈ ਕਿ ਇੰਜ ਹੋਣਾ ਸੰਭਵ ਨਹੀਂ ਪਰ ਐਬਟਸਫੋਰਡ ਸਿਟੀ ਕਾਉਂਸਲ ਵਿਚ ਇਸ ਤਰ੍ਹਾਂ ਹੋ ਰਿਹਾ ਹੈ। ਪਹਿਲਾਂ ਫੈਸਲਾ ਹੋਇਆ ਸੀ ਕਿ ਯੂਨਿਟੀ ਸਟੈਚੂ ਬਨਾਉਣ ਵਾਲੇ ਕਲਾਕਾਰ ਨੂੰ ਅਦਾਇਗੀ ਕਰਨ ਲਈ ਐਬਟਸਫੋਰਡ ਆਰਟ ਕਾਉਂਸਲ ਨੂੰ $24,000 ਦਿਤਾ ਜਾਵੇ। ਦੂਜਾ ਮਸਲਾ ਸੀ ਵਿਨੀਪੈਗ ਦੇ ਟ੍ਰਿਨਿਟੀ ਟੈਲੀਵੀਯਨ ਕੰਪਨੀ ਵਲੋਂ ਮਕੈਨੀ ਪੀਕ ਤੇ ਟ੍ਰਾਂਸਮਿਸ਼ਨ ਟਾਵਰ ਲਾਉਣ ਦਾ। ਇਸ ਬਾਰੇ ਸਿਟੀ ਸਟਾਫ ਨੇ ਸਫਾਰਸ਼ ਕੀਤੀ ਸੀ ਕਿ ਕੁਦਰਤੀ ਸੁਹੰਪਣ ਨੂੰ ਮੁਖ ਰਖਦਿਆਂ ਉਪਰੋਕਤ ਟਾਵਰ ਲਈ ਕੋਈ ਬਦਲਵੀਂ ਥਾਂ ਲੱਭੀ ਜਾਵੇ। ਇਨ੍ਹਾਂ ਦੋਨਾਂ ਫੈਸਲਿਆਂ ਦੇ ਲਏ ਜਾਣ ਸਮੇਂ ਕਾਉਂਸਲਰ ਮਾਰਕ ਵਾਰਵਾ ਹਾਜ਼ਰ ਨਹੀਂ ਸੀ। ਹੁਣ ਮੇਅਰ ਫਰਗੂਸਨ ਨੇ ਇਨ੍ਹਾਂ ਦੋਨਾਂ ਫੈਸਲਿਆਂ ਤੇ ਫਿਰ ਤੋਂ ਚਰਚਾ ਕਰਵਾਉਣ ਲਈ ਇਹ ਮਸਲੇ ਕਾਉਂਸਲ ਸਾਹਮਣੇ ਰੱਖਣ ਦਾ ਫੈਸਲਾ ਲਿਆ ਹੈ। ਇਸ ਸਬੰਧੀ ਉਨ੍ਹਾਂ ਜੋਰਜ ਪੀਅਰੀ ਦੇ ਇਤਰਾਜ਼ ਨੂੰ ਰੱਦ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੂਰੀ ਕਾਉਂਸਲ ਉਪਰੋਕਤ ਮਸਲਿਆਂ ਤੇ ਮੁੜ ਵਿਚਾਰ ਕਰੇ।

ਆਓ, ਬੱਚਿਆਂ ਦੀ ਸਹਾਇਤਾ ਕਰੋ

26 ਮਈ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਤੋਂ ਬਾਅਦ 3 ਵਜੇ ਤਕ "ਨਿੰਊ'ਬਿਗਨਿੰਗਜ਼" ਐਬਟਸਫੋਰਡ ਸੈਕੰਡਰੀ ਸਕੂਲ ਦੀ ਪਾਰਕਿੰਗ ਲਾਟ ਵਿਚ ਫੰਡ ਰੇਜ਼ਿੰਗ ਪ੍ਰੋਗਰਾਮ ਕਰ ਰਹੇ ਹਨ। ਇਹ ਪ੍ਰੋਗਰਾਮ ਪਹਿਲਾਂ ਉਸ ਥਾਂ ਤੋਂ ਚਲਾਇਆ ਜਾਂਦਾ ਸੀ ਜਿਥੇ ਮੌਟ-ਏਰੀਆ ਮਿਡਲ ਸਕੂਲ ਬਣ ਰਿਹਾ ਹੈ ਅਰਬਾਤ ਕਲੀਅਰ ਬਰੁੱਕ ਅਤੇ ਮੈਕਲਿਊਰ ਦੇ ਕੋਨੇ ਤੇ ਪਰ ਹੁਣ ਐਬੀ ਸੀਨੀਅਰ ਸੈਕੰਡਰੀ ਸਕੂਲ ਦੇ ਪਿਛਲੇ ਪਾਸੇ ਇਕ ਪੋਰਟੇਬਲ ਵਿਚ ਚਲ ਰਿਹਾ ਹੈ। 'ਨਿਊ ਬਿਗਨਿੰਗਜ਼' ਦੀ ਕੋਆਰਡੀਨੇਟਰ ਡੇਬੀ ਜਰਵਿਸ ਦਾ ਕਹਿਣਾ ਹੈ ਕਿ ਪੋਰਟੇਬਲ ਬਦਲਣ ਲਈ ਫੰਡ ਦੀ ਲੋੜ ਹੈ। ਇਸ ਕਰਕੇ 26 ਮਈ ਨੂੰ ਉਪਰੋਕਤ ਥਾਂ ਤੇ ਪਹੁੰਚ ਕੇ ਫੰਡ ਰੇਜ਼ਿੰਗ ਵਿਚ ਸਹਾਇਤਾ ਕਰੋ। ਹੋਰ ਜਾਣਕਾਰੀ ਲੈਣ ਲਈ 852-4985 ਤੇ ਫੋਨ ਕਰਨ ਦੀ ਕਿਰਪਾ ਕਰੋ।

ਨਸ਼ਈ ਬੰਦਿਆਂ ਦੀ ਸਹਾਇਤਾ ਨੂੰ ਰਾਹਤ ਕਿਵੇਂ ਮਿਲੇ

11 ਮਈ ਨੂੰ ਹੈਰੀਸਨ ਹਾਟ ਸਪ੍ਰਿੰਗਜ਼ ਵਿਖੇ ਲੋਅਰ ਮੇਨਲੈਂਡ ਮਿਉਨਿਸਪਲ ਐਸੋਸੀਏਸ਼ਨ ਦੀ ਇਕ ਬੈਠਕ ਹੋਈ ਜਿਸ ਵਿਚ ਐਬਟਸਫੋਰਡ ਸ਼ਹਿਰ ਦੀ ਪ੍ਰਤੀਨਿਧਤ ਮੇਅਰ ਫਰਗੂਸ਼ਨ ਅਤੇ ਕਾਂਊਂਸਲਰ ਪੈਟ੍ਰੀਸ਼ੀਆ ਰੌਸ ਨੇ ਕੀਤੀ। ਐਸੋਸੀਏਸ਼ਨ ਦੇ ਵਿਚਾਰ-ਅਧੀਨ ਮਸਲਾ ਇਹ ਸੀ ਕਿ ਨਸ਼ਈਆਂ ਜਾਂ ਅਮਲੀਆਂ ਤੋਂ ਨਸ਼ਾ ਛਡਾਉਣ ਲਈ ਅਤੇ ਉਨ੍ਹਾਂ ਨੂੰ ਨਾਰਮਲ ਜੀਵਨ, ਜਿਉਣ ਦੇ ਯੋਗ ਬਣਨ ਲਈ ਭਰਪੂਰ ਯਤਨ ਕੀਤੇ ਜਾਣ ਅਤੇ ਫੰਡਾਂ ਦੀ ਵਰਤੋਂ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨ ਘਟਾਉਣ ਲਈ ਨਹੀਂ ਸਗੋਂ ਉਨ੍ਹਾਂ ਨੂੰ ਨਸ਼ਾ ਰਹਿਤ ਕਰਨ ਲਈ ਕੀਤੀ ਜਾਵੇ। ਉਨ੍ਹਾਂ ਨੂੰ ਟੀਕੇ ਲਾਉਣ ਲਈ ਮੁਫਤ ਸੁਈਆਂ ਉਪਲਬਧ ਕਰਾਉਣ ਨਾਲ ਉਨ੍ਹਾਂ ਦੀ ਸਹੀ ਸਹਾਇਤਾ ਨਹੀਂ ਹੁੰਦੀ। ਸਿਟੀ ਸਟਾਫ ਨੇ ਕਾਂਊਂਸਲ ਨੂੰ ਇਹ ਵੀ ਜਾਣਕਾਰੀ ਦਿਤੀ ਹੈ ਕਿ ਹੈਜ਼ਲ ਸਟ੍ਰੀਟ ਤੇ ਜੈਕਸਨ ਮੋਰੇ ਵਲੋਂ ਦਸੰਬਰ 2000 ਤੋਂ ਨਸ਼ਿਆਂ ਦੇ ਆਦੀ ਹੋਏ ਲੋਕਾਂ ਨੂੰ ਸਲਾਹ ਮਸ਼ਵਰਾ ਦੇਣ ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਉਪਰੋਕਤ ਐਸੋਸੀਏਸ਼ਨ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਤੋਂ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਇੱਕ ਰਿਜਨਲ ਯੋਜਨਾ ਬਨਾਉਣ ਬਾਰੇ ਸੋਚ ਰਹੀ ਹੈ।

ਢੁਡੀਕੇ ਵਾਸੀਆਂ ਦੀ ਮੀਟਿੰਗ

ਪਿੰਡ ਢੁਡੀਕੇ ਜਿਲਾ ਮੋਗਾ ਦੇ ਸਭ ਪ੍ਰੀਵਾਰਾਂ ਨੂੰ ਬੇਨਤੀ ਹੈ ਕਿ ਪਿੰਡ ਵਾਸੀਆਂ ਦੀ 20 ਮਈ ਐਤਵਾਰ ਨੂੰ ਐਬਟਸਫੋਰਡ ਦੇ ਪੁਰਾਣੇ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ 2 ਵਜੇ ਬਾਅਦ ਦੁਪਹਿਰ ਮੀਟਿੰਗ ਹੋ ਰਹੀ ਹੈ। ਸਭ ਨੂੰ ਇਸ ਵਿਚ ਆਉਣ ਅਤੇ ਵਿਚਾਰ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ।

ਵੱਲੋਂ:- ਇਦਰ ਸਿੰਘ ਗਿਲ ਫੋਨ:- 850-1607

ਸੁੱਖਾ ਉਗਾਉਣ ਵਾਲੇ ਚਾਰ ਬੰਦੇ ਕਾਬੂ

ਪਿਛਲੇ ਦਿਨੀ ਐਬਟਸਫੋਰਡ ਦੀ ਐਮਰਜੰਸੀ ਰਿਸਪਾਂਸ ਟੀਮ ਨੇ ਕੁਝ ਹੋਰ ਪੁਲਿਸ ਅਫਸਰਾਂ ਨਾਲ ਮਿਲਕੇ ਇਕੋ ਦਿਨ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਤੋਂ ਤਿੰਨ ਆਦਮੀਆਂ ਅਤੇ ਇੱਕ ਔਰਤ ਨੂੰ ਸੁੱਖਾ ਪੈਦਾ ਕਰਨ ਅਤੇ ਸੁੱਖਾ ਦੇ ਵੇਚਣ ਦੇ ਗੈਰ ਕਾਨੂੰਨੀ ਧੰਧਾ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ। ਗਲੈਨ ਮਾਉਂਨਟੇਨ ਤੇ ਸੇਂਟ ਮਾਰਟਿਜ਼ ਵੇਅ ਦਾ ਆਰਥਰ ਬਾਰ ਬਾਰ ਭਾਰੀ ਮਾਤਰਾ ਵਿਚ ਸੁਖਾ ਉਗਾਉਂਦਾ ਫੜਿਆ ਗਿਆ। ਪੁਲਿਸ ਸੂਤਰਾਂ ਅਨੁਸਾਰ, ਉਹ ਪਹਿਲਾਂ ਹੀ ਉਸ ਨੂੰ ਜਾਣਦੇ ਹਨ। ਇਸੇ ਤਰਾਂ ਕੈਟਾਲੀ ਕ੍ਰੈਸੈਂਟ ਤੋਂ ਲੈਂਗਲੀ ਨਿਵਾਸੀ ਮੈਰੀ ਜੀਨ ਸਾਲੀਨੀਅਰ, ਪੀਅਰਡਨਵਿਲ ਰੋਡ ਤੇ ਇਸੇ ਧੰਦੇ ਵਿਚ ਲਗੇ ਇਕ ਆਦਮੀ 16 ਸਾਲਾ ਔਰਤ ਫੜੇ ਗਏ। ਇਨਾਂ ਸਾਰਿਆਂ ਦਾ ਆਪਸ ਵਿਚ ਕੀ ਸਬੰਧ ਹੈ, ਇਸ ਬਾਰੇ ਪੁਲਿਸ ਹੋਰ ਪੁਛ ਪੜਤਾਲ ਕਰ ਰਹੀ ਹੈ। ਯਾਦ ਰਹੇ ਅਜਿਹੇ ਕੇਸ ਆਮ ਹੀ ਹੁੰਦੇ ਰਹਿੰਦੇ ਹਨ। ਸਜ਼ਾ ਥੋੜੀ ਹੁੰਦੀ ਹੈ। ਅਪਰਾਧੀ ਮੁੜ ਉਹੀ ਧੰਦਾ ਕਰਨ ਲਗ ਜਾਂਦੇ ਹਨ।

ਇਕ ਵਿਸ਼ੇਸ਼ ਉਡਾਨ ਦੇ ਮੁਸਾਫਰਾਂ ਨੂੰ ਖ਼ਸਰਾ ਹੋ ਸਕਦਾ ਹੈ

ਪਬਲਿਕ ਹੈਲੱਥ ਦੇ ਅਧਿਕਾਰੀਆਂ ਨੂੰ ਪਤਾ ਲਗਾ ਹੈ ਕਿ ਏਅਰ ਕੈਨੇਡਾ ਦੀ ਉਸ ਉਡਾਨ ਦੇ ਮੁਸਾਫਿਰਾਂ ਨੂੰ ਖ਼ਸਰਾ ਹੋ ਸਕਦਾ ਹੈ, ਜਿਹੜੀ 5 ਮਈ ਨੂੰ ਸਵੇਰੇ 10 ਵਜੇ ਟੋਕੀਓ ਤੋਂ ਵੈਨਕੂਵਰ ਪਹੁੰਚੀ ਸੀ। "ਪਰ ਜੇ ਤੁਸੀਂ ਆਪਣੀ ਜ਼ਿੰਦਗੀ ਵਿਚ ਖਸਰੇ ਦੀ ਬੀਮਾਰੀ ਦੀ ਵੈਕਸੀਨ ਦੇ ਦੋ ਟੀਕੇ ਲਗਵਾ ਚੁੱਕੇ ਹੋ ਜਾਂ ਇਸ ਤੋਂ ਪਹਿਲਾਂ ਤੁਹਾਨੂੰ ਖਸਰਾ ਹੋ ਚੁੱਕਾ ਹੈ, ਤਾਂ ਹੁਣ ਤੁਹਾਨੂੰ ਖਸਰਾ ਹੋਣ ਦਾ ਖਤਰਾ ਨਹੀਂ।" ਖਸਰੇ ਦੀਆਂ ਨਿਸ਼ਾਨੀਆਂ ਹਨ - ਬੁਖਾਰ, ਸੁੱਕੀ ਖੰਘ, ਨੱਕ ਵਗਣਾ, ਅੱਖਾਂ ਵਿੱਚ ਲਾਲੀ। ਇਨ੍ਹਾਂ ਨਿਸ਼ਾਨੀਆਂ ਦੇ ਨਾਲ ਨਾਲ ਸਾਰੇ ਸਰੀਰ ਤੇ ਵੀ ਖਾਰਸ਼ ਹੋ ਸਕਦੀ ਹੈ। ਇਹ ਛੂਤ ਦੀ ਬੀਮਾਰੀ ਹੈ ਜੋ ਇਕ ਬੰਦੇ ਤੋਂ ਦੂਜੇ ਨੂੰ ਹੋ ਜਾਂਦੀ ਹੈ। ਬੀਮਾਰ ਆਦਮੀ ਤੋਂ ਉਡਿਆਂ ਵਾਇਰਸ ਦੋ ਘੰਟੇ ਤਕ ਉਸ ਕਮਰੇ ਵਿਚ ਅਸਰਦਾਇਕ ਹੋ ਸਕਦਾ ਹੈ! ਇਸ ਕਰਕੇ ਖਸਰੇ ਵਾਲੇ ਅਜਿਹੇ ਰੋਗੀ ਨੂੰ ਚੁੰਮਿਆ ਨਾ ਜਾਵੇ, ਉਸ ਦਾ ਜੂਠਾ ਨਾ ਖਾਧਾ ਜਾਵੇ, ਉਸ ਦੇ ਮੂੰਹ ਦੀ ਭੜਾਸ ਤੋਂ ਪਰ੍ਹੇ ਰਿਹਾ ਜਾਵੇ। ਸਭ ਤੋਂ ਵੰਡੀ ਗੱਲ ਇਹ ਹੈ ਕਿ ਜੇ ਤੁਹਾਡੇ ਸਰੀਰ ਵਿਚ ਖਸਰੇ ਦੇ ਵਾਇਰਸ ਤੋਂ ਸੁਰੱਖਿਅਤ ਰਹਿਣ ਦੀ ਸ਼ਕਤੀ ਨਹੀਂ, ਤਾਂ ਤੁਹਾਨੂੰ ਖਸਰੇ ਵਾਲੇ ਮਰੀਜ਼ ਤੋਂ ਇਹ ਬੀਮਾਰੀ ਹੋ ਸਕਦੀ ਹੈ। ਇਸ ਉਡਾਨ ਦੇ ਕਿਸੇ ਮੁਸਾਫਰ ਨੂੰ ਜੇ ਉਪਰੱਕਤ ਨਿਸ਼ਾਨੀਆਂ ਹੋਣ ਤਾਂ ਉਸਨੂੰ ਆਪਣੇ ਡਾਕਟਰ ਨੂੰ ਦੱਸਣਾ ਚਾਹੀਦਾ ਹੈ। ਉਸ ਨੂੰ ਦੂਜਿਆਂ ਨੂੰ ਬਹੁਤਾ ਘੁਲਣਾ ਮਿਲਣਾ ਨਹੀਂ ਚਾਹੀਦਾ ਤਾਂ ਜੋ ਦੂਸਰਿਆਂ ਦਾ ਬਚਾਓ ਹੋ ਸਕੇ।

ਵੈਸਟ ਓਕਸ ਦਾ ਮੂੰਹ-ਮੁਹਾਂਦਰਾ ਸੰਵਰੇਗਾ

ਐਬਟਸਫੋਰਡ ਸਿਟੀ ਕਾਂਉਂਸਲ ਨੇ ਵੈਸਟ - ਓਕਸ ਦੇ ਮੂੰਹ-ਮੁਹਾਂਦਰੇ ਨੂੰ ਸੰਵਾਰਨ ਅਤੇ ਲਿਸ਼ਕਾਉਣ ਦੇ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿਤੀ ਹੈ। ਇਸ ਪ੍ਰਸਤਾਵ ਅਨੁਸਾਰ ਵੈਸਟ ਓਕਸ ਦੇ ਪੂਰਬੀ ਪਾਸੇ ਦੀ ਜਿਥੇ ਵਾਲ ਮਾਰਟ ਚਲਦਾ ਸੀ, ਢਾਹ ਭੰਨ ਕਰਕੇ ਬਾਹਰੀ ਵਾਕਵੇ ਮਾਲ ਬਣਾਇਆ ਜਾਵੇਗਾ। ਉਥੋਂ 4700 ਵਰਗ ਮੀਟਰ ਫਲੋਰ ਏਰੀਆ ਹਟਾ ਦਿਤਾ ਜਾਵੇਗਾ। ਹਿਲ ਕ੍ਰੈਸਟ ਤੇ ਐਮਰਸਨ ਸਟ੍ਰੀਟ ਤੇ 47 ਪਾਰਕਿੰਗ ਲਾਟ ਬਣਾਏ ਜਾਣ ਦਾ ਪ੍ਰਸਤਾਵ ਹੈ। ਵਿਕਾਸ ਸੇਵਾ ਦੇ ਐਕਟਿੰਗ ਡਾਇਰੈਕਟਰ ਸੈਰੀ ਬਾਇਲ ਦਾ ਕਹਿਣਾ ਹੈ ਕਿ ਕੇਂਦਰੀ ਏਰੀਆ ਨੂੰ ਵਿਕਸਤ ਕਰਨ ਦੀ ਜੁਗਤੀ ਨੂੰ ਅਪਨਾਇਆ ਜਾਵੇਗਾ। ਡਾਊਨ ਟਾਊਨ ਵਿਚ ਹਰਿਆਵਲ ਵਧਾਉਣ ਦੀ ਮੰਗ ਹੈ।

ਮੈਨਿਨਜਾਈਟੱਸ ਦੀ ਨਵੀਂ ਵੈਕਸੀਨ ਪ੍ਰਵਾਨਿਤ

ਪਿਛਲੇ ਕੁਝ ਸਮੇਂ ਦੋਰਾਨ ਐਬਟਸਫੋਰਡ 20 ਤੋਂ 29 ਸਾਲ ਦੀ ਉਮਰ ਦੇ ਕੁਝ ਬੰਦੇ ਬੀਮਾਰ ਹੋ ਗਏ ਸਨ ਅਤੇ 2 ਨੌਜਵਾਨ ਬੱਚਿਆਂ ਦੀ ਮੌਤ ਵੀ ਹੋ ਗਈ ਸੀ। ਇਟਲੀ ਤੋਂ ਆਏ ਕੰਜ਼ੂਮੇਟ ਸੀ ਦੇ 20,000 ਟੀਕਿਆਂ ਬਾਰੇ ਉਤਪੰਨ ਹੋਏ ਸ਼ੰਕਿਆਂ ਦੀ ਨਵਿਰਤੀ ਹੋ ਗਈ ਹੈ ਕਿਉਂਕਿ ਇੰਨ੍ਹਾਂ ਟੀਕਿਆਂ ਦੀ ਇਟਲੀ ਦੀ ਨਿਰਮਾਤਾ ਕੰਪਨੀ ਚਾਈਰਨ ਨੇ ਪਿਛਲੇ ਦਿਨੀਂ ਫ੍ਰੇਜ਼ਰ ਵੈਲੀ ਹੈਲਥ ਰਿਜਨ ਨੂੰ ਯਕੀਨ ਦਵਾਇਆ ਹੈ ਕਿ ਕੰਜ਼ੂਮੇਟ ਸੀ ਵੈਕਸੀਨ ਵਰਤਨਯੋਗ ਹੈ। ਪੋਲੀ ਸੈਕਾਰੀਡ ਨਾਂ ਦੀ ਵੈਕਸੀਨ ਦੇ 8000 ਟੀਕੇ ਫਰਾਂਸ ਤੋਂ ਵੀ ਪ੍ਰਾਪਤ ਹੋ ਚੁੱਕੇ ਹਨ ਪਰ ਇਟਲੀ ਵਾਲੀ ਵੈਕਸੀਨ ਨਾਲੋਂ ਕੁੱਝ ਘਟ ਅਸਰ ਦਾਇਕ ਹਨ ਅਤੇ ਇਹ ਕਾਫੀ ਮਾਤ੍ਰਾ ਵਿਚ ਉਪਲਬਧ ਨਹੀਂ। ਹੈਲਥਰਿਜਨ ਦੀ ਮੈਡੀਕਲ ਅਫਸਰ ਗਿਲੀਅਨ ਆਰਸੀਨਾਲਟ ਦਾ ਕਹਿਣਾ ਹੈ ਕਿ ਪ੍ਰਮਾਤਮਾ ਦਾ ਸ਼ੁਕਰ ਹੈ ਕਿ ਐਬਟਸਫੋਰਡ ਵਿਚ ਮੈਨਿਨਜਾਈਟੱਸ ਦਾ ਕੋਈ ਨਵਾਂ ਕੇਸ ਨਹੀਂ ਆਇਆ। ਉਨ੍ਹਾਂ ਇਹ ਵੀ ਦਸਿਆ ਗਰਮ ਮੌਸਮ ਆਉਣ ਨਾਲ ਵੀ ਇਸ ਬੀਮਾਰੀ ਦੀ ਸੰਭਾਵਨਾ ਘਟ ਹੋ ਗਈ ਹੈ ਕਿਉਂਕਿ ਇਸ ਬੀਮਾਰੀ ਦਾ ਹਮਲਾ ਅਧਿਕਤਰ ਸਰਦੀਆਂ ਵਿਚ ਹੁੰਦਾ ਹੈ।

ਸੰਖੇਪ ਪਰ ਵਿਸ਼ੇਸ਼

* ਘਣਾ ਵਿਚ ਫੁਟਬਾਲ ਦੇ ਮੈਚ ਸਮੇਂ ਮਚੀ ਭਗਦੜ ਵਿਚ 120 ਵਿਅਕਤੀ ਭੀੜ ਹੇਠ ਦਬ ਕੇ ਮਰ ਗਏ। ਉਨਾਂ ਦੇ ਸੋਗ ਵਿਚ ਤਿੰਨ ਦਿਨ ਦਾ ਸਰਕਾਰੀ ਸ਼ੋਕ ਮਨਾਇਆ ਗਿਆ।

* ਕਸ਼ਮੀਰ ਵਿੱਚ ਬੀ.ਐਸ.ਐਫ. ਨੇ 17 ਪਤਰਕਾਰਾਂ ਨੂੰ ਕੁਟਿਆ। ਉਨਾਂ ਦੇ ਕੈਮਰੇ ਖੋਹ ਕੇ ਤੋੜ ਸੁਟੇ।

* ਕਸ਼ਮੀਰ ਵਿਚ ਕਿਸ਼ਤਵਾੜ ਇਲਾਕੇ ਵਿਚ 8 ਹਿੰਦੂ ਚਰਵਾਹਿਆਂ ਨੂੰ ਅਤਿਵਾਦੀਆਂ ਨੇ ਮਾਰ ਦਿਤਾ। ਡੋਡਾ ਜ਼ਿਲੇ ਵਿਚ ਕਰਫਿਊ।

* ਈਰਾਕ ਨੇ ਭਾਰਤੀ ਕਣਕ ਘਟੀਆ ਮਿਆਰਦੀ ਕਹਿ ਕੇ ਲੈਣ ਤੋਂ ਇਨਕਾਰ ਕਰ ਦਿਤਾ ਹੈ। ਇਹ ਕਣਕ ਤੇਲ ਵਟੇ ਭਾਰਤ ਨੇ ਭੇਜੀ ਸੀ।

* ਡਾ: ਜਗਜੀਤ ਸਿੰਘ ਚੌਹਾਨ ਭਾਰਤ ਜਾਣ ਦੇ ਇੱਛਕ ਉਸਦੀ ਪਤਨੀ ਵਲੋਂ ਭਾਰਤ ਵਿਚ ਕੋਸ਼ਿਸ਼ਾਂ ਜਾਰੀ।

ਕੈਨਰੀ ਵਰਕਰਾਂ ਦੀ ਜ਼ਰੂਰਤ

ਕੈਨਰੀ ਵਰਕਰਾਂ ਦੀ ਜ਼ਰੂਰਤ ਹੈ ਐਬਟਸਫੋਰਡ ਵਿੱਚ ।
ਘੰਟੇ ਤੇ ਕੰਮ ਕਰਨ ਵਾਲਿਆਂ ਦੀ ਲੋੜ ਹੈ।

ਬਲੂਬੇਰੀ, ਤੋੜਨ ਲਈ ਵਰਕਰਾਂ ਦੀ ਲੋੜ ਹੈ
ਐਬਟਸਫੋਰਡ, (36ਸੈਂਟ ਪੌਂਡ)
ਸਰੀ ਤੇ ਪੀਟ ਮੈਡੋਂ ਵਿਚ ਵੀ ਵਰਕਰਾਂ ਦੀ ਲੋੜ ਹੈ।
ਤਜ਼ਰਬੇਕਾਰ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ।

ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਕੀਤੇ ਕੰਮ ਦੀਆਂ ਯੂ.ਆਈ.ਸੀ ਸਟੈਂਪਾਂ ਦਿੱਤੀਆਂ ਜਾਣਗੀਆਂ। ਸਟੈਡੀ ਕੰਮ ਲਈ ਅੱਜ ਹੀ ਆਪਣਾ ਨਾਮ ਲਿਖਾਓ।

ਬੁਕਕੀਪਰ ਅਤੇ ਸੈਕਟਰੀ ਦੀ ਲੋੜ ਹੈ

ਜੋ ਅੰਗਰੇਜ਼ੀ ਅਤੇ ਪੰਜਾਬੀ ਚੰਗੀ ਤਰਾਂ ਜਾਣਦਾ ਹੋਵੇ। ਕਮਪਿਊਟਰਾਇਜ਼ਡ ਬੁਕਕੀਪਿੰਗ ਅਤੇ ਆਫਿਸ ਐਡਮਨਿਸਟਰੇਸ਼ਨ ਦਾ ਤਜਰਬਾ ਹੋਣਾ ਜਰੂਰੀ ਹੈ ਰੇਜ਼ਮੇ ਫੈਕਸ ਕਰੋ ।

ਵੈਸਟਬੇਰੀ ਫਾਰਮਜ਼ WESTBERRY FARMS
34488 Bateman Rd. Abbotsford
Phone 850-0377 • Fax 855-1625

Balwin Celebrated his 18th Birthday with a big bash at Gians Sweet & Restaurant on May 5th with friends and family. His Aunt, Malkit, flew out from Singapore specially for this occasion.

ਸਮਾਚਾਰ ਤੇ ਵਿਚਾਰ

ਭਾਰਤ 'ਚ ਮਿਨੀ ਚੋਣ ਦੇ ਰੰਗ ਢੰਗ ਕਾਂਗਰਸ ਨੂੰ ਲਾਭ - ਬੀ.ਜੇ.ਪੀ. ਨੂੰ ਨੁਕਸਾਨ

ਜਦ ਪੰਜਾਬੀ ਪਤਰਕਾ ਦਾ ਇਹ ਅੰਕ ਤੁਹਾਡੇ ਹਥਾਂ ਵਿਚ ਹੋਵੇਗਾ ਚਾਰ ਰਾਜਾਂ ਆਸਾਮ, ਪਛਮੀ ਬੰਗਾਲ, ਤਾਮਲਨਾਡੂ, ਕੇਰਲ ਅਤੇ ਪਾਂਡੀਚਿਰੀ ਦੇ ਨਤੀਜੇ ਨਿਕਲਣੇ ਸ਼ੁਰੂ ਹੋ ਗਏ ਹੋਣਗੇ। ਆਸਾਮ ਅਤੇ ਬੰਗਾਲ ਦੀਆਂ ਕੁਝ ਹਿੰਸਕ ਘਟਨਾਵਾਂ ਜਿਸਾਂ ਵਿਚ 13 ਬੇਦੇ ਆਸਾਮ ਵਿਚ ਅਤੇ ਪੰਜ ਬੰਗਾਲ ਵਿਚ ਮਾਰੇ ਗਏ ਅਤੇ 30 ਕੁ ਜਖਮੀ ਹੋ ਗਏ ਬਾਕੀ ਥਾਂਈਂ ਅਮਨ ਆਮਾਨ ਨਾਲ ਚੋਣ ਪ੍ਰੀਕ੍ਰਿਆ ਪੂਰੀ ਹੋ ਗਈ।

ਇਨਾਂ ਚੋਣਾਂ ਵਿਚ ਜੋੜ ਤੋੜ ਅਜੀਬੋ-ਗਰੀਬ ਹੀ ਹੋਏ। ਰਾਜਸੀ ਪਾਰਟੀਆਂ ਦਾ ਮੁਖ ਨਿਸ਼ਾਨਾ ਸਤਾ ਪ੍ਰਾਪਤ ਕਰਨਾ ਜਾਂ ਸਤਾ ਵਿਚ ਭਾਈ ਵਾਲੀ ਪ੍ਰਾਪਤ ਕਰਨਾ ਹੀ ਲਭਦਾ ਹੈ। ਆਸਾਮ ਵਿਚ ਐਨ ਚੋਣਾ ਦੇ ਐਲਾਨ ਹੋਣ ਮੌਕੇ ਭਾਰਤੀ ਜੰਤਾ ਪਾਰਟੀ ਨੇ ਆਸਾਮ ਗਣ ਪੀਸ਼ਦ ਨਾਲ ਕਾਂਗਰਸ ਨੂੰ ਸਤਾ ਵਿਚ ਆਉਣੋਂ ਰੋਕਣ ਲਈ ਗਠਜੋੜ ਕਰ ਲਿਆ"। ਦੂਜੇ ਪਾਸੇ ਪ੍ਰੀਸ਼ਦ ਦੇ ਸਤਾ ਦੇ ਭਾਈਵਾਲ ਖਖ਼ੇ ਪਖੀ ਉਸਦਾ ਸਾਥ ਛਡ ਗਏ। ਨਤੀਜੇ ਕਿਧਰ ਨੂੰ ਸੰਕੇਤ ਕਰ ਰਹੇ ਹਨ ਕਿ 126 ਮੈਂਬਰੀ ਵਿਧਾਨ ਸਭਾ ਵਿਚ ਗਣ ਪ੍ਰੀਸ਼ਦ ਬੀ.ਜੇ.ਪੀ. ਨੂੰ ਮਸਾਂ ਹੀ ਚਾਲੀ ਕੁ ਸੀਟਾਂ ਮਿਲਦੀਆਂ ਨਜ਼ਰ ਆਉਂਦੀਆਂ ਹਨ। ਕਾਂਗਰਸ ਸਠਾਂ ਕੁ ਤਕ ਪਹੁੰਚ ਰਹੀ ਹੈ। ਕਿਸੇ ਹੋਰ ਪਾਰਟੀ ਨਾਲ ਭਾਈਵਾਲੀ ਸ਼ਾਇਦ ਕਰਨੀ ਪਵੇ। ਇਹੀ ਇਕ ਰਾਜ ਸੀ ਜਿਸ ਵਿਚ ਕਾਂਗਰਸ ਦੀ ਜਿਤ ਦੇ ਚੋਣ ਸਰਵੇਖਣ ਆ ਰਹੇ ਸਨ। ਕੁਝ ਵੋਟਾਂ ਖਾਤਰ ਪ੍ਰਧਾਨ ਮੰਤ੍ਰੀ ਨੇ ਬੰਗਲਾ ਦੀਵੀਉਜੀਆਂ ਲਈ ਵਰਕ ਪ੍ਰਮਿਟ ਜਾਰੀ ਕਰਨ ਦਾ ਐਲਾਨ ਪ੍ਰਵਾਨ ਕੀਤਾ ਸੀ। ਵੋਟ ਸਰਵੇ ਖਣਾ ਅਨੁਸਾਰ ਪਛਮੀ ਬੰਗਾਲ ਸਤਾਧਾਰੀ ਖਖ਼ੇ ਪਖੀ ਫਰੰਟ ਫ਼ੋਵੀਂ ਵਾਰ ਵੀ ਜੇਤੂ ਲਭਦਾ ਹੈ। ਜਿਸਨੂੰ 294 ਸੀਟਾਂ ਵਾਲੀ ਵਿਧਾਨ ਸਭਾ ਵਿਚ ਡੇਢ ਕੁ ਸੌ ਤੋਂ ਵਧ ਸੀਟਾਂ ਜਿਤਣ ਦੀ ਆਸ ਹੈ। ਜਦੋਂ ਕਿ ਤ੍ਰਿਣਾਮੂਲ ਕਾਂਗਰਸ-ਕਾਂਗਰਸ ਗਠਜੋੜ ਪਛੜ ਗਿਆ। ਬੀ.ਜੇ.ਪੀ. ਗਠਜੋੜ ਵਿਚ ਜੰਤਾ ਦਲ ਯੂ ਅਤੇ ਸੰਮਤਾ ਪਾਰਟੀ ਵਰਗੀਆਂ ਪਾਰਟੀਆਂ ਦਾ ਤਾਂ ਸ਼ਾਇਦ ਖਾਤਾ ਵੀ ਨਾ ਖੁਲੇ। ਬੀ.ਜੇ.ਪੀ. ਨੇ 269 ਉਮੀਦਵਾਰ ਖੜੇ ਕੀਤੇ ਸਨ ਜਿੰਨਾਂ ਵਿਚੋਂ ਬਹੁਤੇ ਜ਼ਮਾਨਤ ਵੀ ਨਹੀਂ ਬਚਾ ਸਕਣਗੇ।

ਤਾਮਲ ਨਾਡੂ ਵਿਚ ਬੀ.ਜੇ.ਪੀ. ਅਤੇ ਡੀ.ਐਮ.ਕੇ. ਦਾ ਐਨ.ਡੀ.ਏ. ਆਪਣੇ ਵਿਰੋਧੀ ਐਨਾ.ਡੀ.ਐਮ.ਕੇ. - ਕਾਂਗਰਸ ਅਤੇ ਖਬੀਆਂ ਪਾਰਟੀਆਂ ਸਮੇਤ ਫਰੰਟ ਤੋਂ ਪਿਛੇਂ ਹੈ। 234 ਮੈਂਬਰੀ ਹਾਊਸ ਵਿਚ ਬੀਬੀ ਦਾ ਫਰੰਟ 140 ਸੀਟਾਂ ਨੂੰ ਪੁਜ ਰਿਹਾ ਹੈ ਜਦੋਂ ਕਿ ਕਰਨਾਨਿਧੀ ਦਾ ਫਰੰਟ ਜਿਸਨੇ ਆਪਣੇ ਪਲੋਤੇ ਪੁਤਰ ਸਟਾਲਿਨ ਨੂੰ ਮੁਖਮੰਤਰੀ ਲਈ ਤਿਆਰ ਕੀਤਾ ਸੀ ਸੌ ਕੁ ਸੀਟ ਤੋਂ ਵੀ ਘਟ ਲੈ ਰਿਹਾ ਲਭਦਾ ਹੈ।

ਪਾਂਡੀਚਿਰੀ ਜਿਥੇ ਤਾਮਲਨਾਡੂ ਤੋਂ ਵਖਰੀ ਤਰਾਂ ਦੀ ਚੋਣ ਸੀ ਰੰਗ ਢੰਗ ਪਖੋਂ। ਉਥੇ ਤਿੰਨ ਫਰੰਟ ਸਨ। ਪਹਿਲਾ ਜੈ ਲਲਤਾ ਅਤੇ ਤਾਮਲ ਮਨੀਲਾ ਕਾਂਗਰਸ ਦਾ ਜੋ ਕਿ ਭਾਰੂ ਹੈ ਪਰ ਸਰਕਾਰ ਬਨਾਉਣ ਲਈ ਕਾਂਗਰਸ ਫਰੰਟ ਵਲ ਝਾਕਣਾ ਪੈਣਾ ਹੈ। ਦੂਜਾ ਕਾਂਗਰਸ ਅਤੇ ਕਮਿਉਨਿਸਟਾਂ ਦਾ ਸਾਂਝਾ ਫਰੰਟ ਅਤੇ ਤੀਜਾ ਬੀ.ਜੇ.ਪੀ. ਅਤੇ ਡੀ.ਐਮ.ਕੇ. ਦਾ ਫਰੰਟ ਕੇਰਲ ਪ੍ਰਾਂਤ ਜੋ ਦੋਸ ਦੇ ਸਾਰੇ ਰਾਜਾਂ ਤੋਂ ਵਖੇਰੀ ਰਾਜਸੀ ਸਭਿਆਚਾਰ ਵਾਲਾ ਪ੍ਰਾਂਤ ਹੈ। ਏਥੇ ਸਾਖਰਤਾ ਸਭ ਤੋਂ ਵਧ ਹੈ। ਅਤੇ ਇਸ ਰਾਜ ਵਿਚ 1957 ਵਿਚ ਪਹਿਲੀ ਗੈਰ ਕਾਂਗਰਸ ਕਮਿਉਨਿਸਟ ਵਿਜ਼ਾਰਤ ਨਿਬੂਦਰੀਪਾਦ ਦੀ ਅਗਵਾਈ ਵਿਚ ਬਣੀ ਸੀ। ਏਥੇ ਸਥਾਪਤੀ ਦੇ ਵਿਰੁਧ ਵੋਟ ਪੈਂਦੀ ਹੈ। ਸਾਰੀਆਂ ਰਾਜਸੀ ਪਾਰਟੀਆਂ ਦੇ ਫਰੰਟਾਂ ਵਿਚ ਹਨ। ਇਕ ਹੈ ਯੂਨਾਇਟਿਡ ਡੈਮੋਕਰੇਟਿਕ ਫਰੰਟ ਜਿਸਦੀ ਅਗਵਾਈ ਕਾਂਗਰਸ ਪਾਰਟੀ ਕਰਦੀ ਹੈ ਦੂਜਾ ਲੈਫਟ ਡੈਮੋਕਰੇਟਿਕ ਫਰੰਟ ਜਿਸੀ ਅਗਵਾਈ ਮਾਰਕਸਵਾਦੀ ਕਮਿਉਨਿਸਟ ਪਾਰਟੀ ਕਰਦੀ ਹੈ। ਏਥੇ ਪੰਜਾਬ ਦੀ ਇਕ ਖੇਡ ਵਾਂਗ ਉਤਰਰ ਕਾਟੋ ਮੈਂ ਚੜ੍ਹਾਂ ਵਾਲੀ ਖੇਡ ਹੀ ਹੁੰਦੀ ਹੈ। ਵਾਰੀ ਵਾਰੀ ਫਰੰਟ ਸਤਾ ਵਿਚ ਆਉਂਦੇ ਹਨ। ਇਸ ਵਾਰ ਵਾਰੀ ਤਾਂ ਕਾਂਗਰਸ ਵਾਲੇ ਫਰੰਟ ਦੀ ਹੀ ਹੈ ਜੇ ਕਾਂਗਰਸ ਦੀ ਧਤੇ ਬੰਦੀ ਰੰਗਾਨਾ ਦਿਖਾ ਗਈ ਹੋਵੇ। ਭਾਵੇਂ ਪ੍ਰਧਾਨ ਮੰਤ੍ਰੀ ਵਾਜਪਾਈ ਨੇ ਚੋਣਾਂ ਦੇ ਆਰੰਭ ਵਿਚ ਇਨਾਂ ਨੂੰ ਐਨ.ਡੀ.ਏ. ਦੀ ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਰੀਫਰੈਂਡਮ ਵੀ ਕਿਹਾ ਸੀ। ਪਰ ਚੋਣ ਮਹਿੰਮ ਦੌਰਾਨ ਉਨਾਂ ਦੇ ਚੋਣ ਇਕੱਠਾ ਵਿਚਲੀ ਪਤਲੀ ਹਾਜ਼ਰੀ ਨੂੰ ਦੇਖ ਕੇ ਆਪਣੇ ਬਿਆਨ ਤੋਂ ਮੁਕਰ ਗਏ ਅਖੇ ਇਹ ਤਾਂ ਰਾਜਾਂ ਦੀਆਂ ਚੋਣਾਂ ਸਬਾਨਕ ਮੁਦਿਆਂ ਉਤੇ ਹੀ ਹੋ ਰਹੀਆਂ ਹਨ। ਮੇਰੀ ਸਰਕਾਰ ਉਤੇ ਦਿਨਾਂ ਦਾ ਕੋਈ ਅਸਰ ਨਹੀਂ ਹੋਵੇਗਾ।

ਉਂਝ ਭਾਵੇਂ ਕੇਂਦਰ ਨੇ ਤੇ ਕੇਂਦਰੀ ਨੇਤਾਵਾਂ ਨੇ ਬੀ.ਜੇ.ਪੀ. ਅਤੇ ਸਹਿਯੋਗੀਆਂ ਲਈ ਚੋਣ ਮੁਹਿੰਮ ਵਿਚ ਕੋਈ ਕਸਰ ਬਾਕੀ ਨਹੀਂ ਰਖੀ। ਫੋਰ ਵੀ ਜੋ ਨਤੀਜੇ ਬੀ.ਜੇ.ਪੀ. ਫਰੰਟ ਬਾਰੇ ਹੋਣਗੇ, ਉਹ ਸਭ ਤੋਂ ਭੈੜੇ ਹੋਣਗੇ ਅਤੇ ਇਨਾਂ ਦਾ ਅਸਰ ਵੀ ਲਾਜ਼ਮੀ ਹੋਰ ਰਾਜਾਂ ਅਤੇ ਕੇਂਦਰ ਦੀ ਰਾਜਸੀ ਸਥਿਤੀ ਉਤੇ ਪਵੇਗਾ। ਇਨਾਂ ਚੋਣਾਂ ਵਿਚ ਸਭ ਤੋਂ ਵਧ ਲਾਭ ਕਾਂਗਰਸ ਨੂੰ ਪ੍ਰਾਪਤ ਹੋਵੇਗਾ। ਆਸਾਮ ਵਿਚ ਕਾਂਗਰਸ ਸਰਕਾਰ ਬਣਾ ਲਏਗੀ। ਬੰਗਾਲ ਵਿਚ ਮੈਂਬਰਾਂ ਦੀ ਗਿਣਤੀ ਵੀ ਵਧੇਗੀ ਅਤੇ ਬੋਨਸ ਦੇ ਤੌਰ ਉਤੇ ਬੀ.ਬੀ ਤ੍ਰਿਣਾਮੂਲ ਵਾਲੀ ਮਮਤਾ ਨੂੰ ਵੀ ਵਾਜਪਾਈ ਨਾਲੋਂ ਨਿਖੜ ਕੇ ਸੋਨੀਆਂ ਨੇੜੇ ਲੈ ਆਵੀ ਹੈ। ਕਾਂਗਰਸ, ਤ੍ਰਿਣਾਮੂਲ ਕਾਂਗਰਸ ਦੀ ਫੁਟ ਉਸ ਲਈ ਘਾਟਾ ਹੈ। ਹੋ ਸਕਦਾ ਹੈ ਪਾਰਟੀ ਦੋਫਾੜ ਹੋ ਜਾਏ। ਅਨਾ.ਡੀ.ਐਮ.ਕੇ. ਤਾਮਲ ਨਾਡੂ ਅਤੇ ਪਾਂਡੀਚਿਰੀ ਵਿਚ ਸਰਕਾਰ ਬਣਾ ਜਾਏਗੀ ਘਰ ਕਾਂਗਰਸ ਆਪਣੀ ਪੁਜੀਸ਼ਨ ਨੂੰ ਬੇਹਤਰ ਕਰ ਜਾਏਗੀ। ਇਹ ਵੀ ਤਰਾਸਦੀ ਹੀ ਹੈ ਕਿ ਇਕ ਕੌਮੀ ਪਾਰਟੀ ਨੂੰ ਇਲਾਕੀ ਈ ਪਾਰਟੀ ਦੇ ਬਲੇ ਲਗ ਕੇ ਕੇਵਲ 15 ਸੀਟਾਂ ਉਤੇ ਸਮਝੋਤਾ ਕਰਨਾ ਪੈ ਗਿਆ।

ਅਮਰੀਕਾ - ਚੀਨ ਸਬੰਧਾਂ ਵਿਚ ਵਿਗਾੜ

ਕੌਮਾਂਤਰੀ ਪਿੜ ਵਿਚ ਭਾਵੇਂ ਰੂਸ ਦੇ ਬਿਖਰਨ ਨਾਲ ਠੰਡੀ ਜੰਗ ਲਗਭਗ ਸਮਾਪਤ ਹੀ ਹੋ ਗਈ ਲਗਦੀ ਸੀ ਪਰ ਇਹ ਬਿਲਕੁਲ ਹੀ ਖਤਮ ਨਹੀਂ ਹੋਈ ਸੀ। ਕਿਸੇ ਨਾ ਕਿਸੇ ਸ਼ਕਲ ਵਿਚ ਇਹ ਧੁਖਦੀ ਰਹੀ। ਇਸ ਵੇਲੇ ਅਮਰੀਕਾ ਦੀ ਬਲਾਸਟਿਕ ਮਿਜ਼ਾਈਲ ਡੀਫੈਂਸ ਯੋਜਨਾ ਕਰਕੇ ਰੂਸ ਅਤੇ ਅਮਰੀਕਾ ਵਿਚਕਾਰ ਇਸਦੇ ਧੁਖਣ ਦਾ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ ਹੈ। ਭਾਵੇਂ ਅਮਰੀਕਾ ਚੀਨ ਨੂੰ ਛਡਕੇ ਬਾਕੀ ਸਾਰਿਆਂ ਨੂੰ ਤਿਫਲ ਤਸੱਲੀਆਂ ਤਾਂ ਜਰੂਰ ਦੇਈ ਜਾ ਰਿਹਾ ਹੈ ਕਿ ਇਹ ਉਨਾਂ ਦੇ ਵਿਰੁਧ ਨਹੀਂ ਪਰ ਹਰ ਦੇਸ਼ ਨੂੰ ਆਪਣੀ ਸੁਰੱਖਿਆ ਅਤੇ ਹਿਤ ਪਿਆਰੇ ਹੁੰਦੇ ਹਨ।

ਪਹਿਲੀ ਅਪਰੈਲ ਨੂੰ ਚੀਨ ਦੇ ਸਮੁੰਦਰੀ ਸਰਹੱਦਾਂ ਨੇੜੇ ਉਡ ਰਿਹਾ ਅਮਰੀਕਨ ਕਥਿਤ 'ਜਾਸੂਸੀ' ਜਹਾਜ ਚੀਨ ਦੇ ਲੜਾਕਾ ਜਹਾਜ਼ ਨਾਲ ਟਕਰਾ ਗਿਆ। ਨਤੀਜੇ ਵਜੋਂ ਚੀਨ ਦਾ ਜਹਾਜ਼ ਵੀ ਤਬਾਹ ਹੋ ਗਿਆ ਅਤੇ ਪਾਈਲਟ ਵੀ ਮਰ ਗਿਆ ਅਤੇ ਅਮਰੀਕੀ ਜਹਾਜ਼ ਨੂੰ ਐਮਰਜੈਂਸੀ ਚੀਨ ਦੇ ਦਖਣੀ ਇਲਾਕੇ ਹੈਨਾਨ ਵਿਚ ਹਵਾਈ ਅੱਡੇ ਉਤੇ ਉਤਰਨਾ ਪਿਆ। ਜਿਸ ਵਿਚ 24 ਅਮਰੀਕਨ ਸਵਾਰ ਸਨ। ਅਮਰੀਕਾ ਦੇ ਇਸ ਘਟਨਾ ਉਤੇ ਅਫਸੋਸ ਪ੍ਰਗਟਾਉਣ ਪਿੱਛੋਂ 11 ਦਿਨਾਂ ਪਿੱਛੋਂ ਚੀਨ ਨੇ ਇਨਾਂ ਮੁਸਾਫਰਾਂ ਨੂੰ ਛਡ ਤਾਂ ਦਿੱਤਾ ਪਰ ਜਹਾਜ ਨੂੰ ਵਾਪਸ ਅਮਰੀਕਾ ਨੂੰ ਮੋੜਨ ਤੋਂ ਇਨਕਾਰ ਕਰ ਦਿਤਾ ਕਿਉਂਕਿ ਚੀਨ ਅਮਰੀਕਾ ਤੋਂ ਮਾਫੀ ਮੰਗਵਾਉਣਾ ਚਾਹੁੰਦਾ ਹੈ।

ਅਮਰੀਕਾ ਵੀ ਇਸ ਉਤੇ ਅੜਿਆ ਹੋਇਆ ਹੈ ਕਿ ਗਲਤੀ ਚੀਨੀ ਪਾਈਲਟ ਦੀ ਸੀ। ਇਸ ਘਟਨਾ ਨੇ ਦੋਵਾਂ ਦੇਸਾਂ ਦੇ ਵਿਕਾਸ ਕਰ ਰਹੇ ਸਬੰਧਾਂ ਵਿਚ ਨਾ ਕੇਵਲ ਖੜੋਤ ਹੀ ਲਿਆਂਦੀ ਸਗੋਂ ਵਿਗਾੜ ਪੈਦਾ ਕਰ ਦਿੱਤਾ। ਇਸਤਰਾਂ ਅਮਰੀਕੀ ਪ੍ਰਧਾਨ ਬੁਧ ਦੀ ਕੌਮਾਂਤਰੀ ਨੀਤੀ ਉਨਾਂ ਦੇ ਸਤਾ ਸੰਭਾਲਣ ਦੇ 100 ਦਿਨਾਂ ਦੌਰਾਨ ਹੀ ਰੰਗ ਲਿਆਉਣ ਲਗ ਪਈ। ਦਰਅਸਲ ਅਮਰੀਕਾ ਚੀਨ ਨਾਲ ਆਰਥਕ ਪਧਰ ਉਤੇ ਤਾਂ ਸਬੰਧ ਸੁਧਾਵੇਂ ਕਰਕੇ ਏਸ਼ੀਆ ਦੀ ਸਭ ਤੋਂ ਵਡੀ ਖਪਤ ਮੰਡੀ ਵਿਚੋਂ ਮੁਨਾਫਾ ਕਮਾਉਣਾ ਮੰਗਦਾ ਹੈ ਪਰ ਰਾਜਸੀ ਤੌਰ ਉਤੇ ਚੀਨ ਸਰਕਾਰ ਅਮਰੀਕਨਾਂ ਨੂੰ ਇਕ ਅਖ ਭਾਂਉਂਦੀ ਨਹੀਂ।

ਇਕ ਪਾਸੇ ਤਾਂ ਅਮਰੀਕਾ ਇਕ ਚੀਨ ਨੂੰ ਮੰਨਣ ਦਾ ਐਲਾਨ ਕਰੀ ਬੈਠਾ ਹੈ ਦੂਜੇ ਪਾਸੇ ਫਾਰਮੂਸਾ (ਤਾਈਵਾਨ) ਸਰਕਾਰ ਦੀ ਰਾਖੀ ਲਈ ਹਰ ਕੁਝ ਕਰ ਗੁਜਰਨ ਦੇ ਦਮਗਜੇ ਮਾਰੀ ਜਾਂਦਾ ਹੈ। ਇਹ ਪ੍ਰਮਪਰ ਵਿਰੋਧੀ ਨੀਤੀ ਕਾਰਨ ਇਸ ਖਿਤੇ ਵਿਚ ਠੰਡੀ ਜੰਗ ਅਗ ਦੇ ਭਾਂਬੜ ਵੀ ਬਣ ਸਕਦੀ ਹੈ। ਅਮਰੀਕਾ ਨੇ ਤਾਇਵਾਨ ਸਰਕਾਰ ਨੂੰ ਰਖਿਆ ਲਈ ਲੋੜੀਂਦੇ ਹੋਰ ਹਥਿਆਰ ਜੋ ਕਿ ਨਵੀਂ ਟੈਕਨੀਕ ਉਤੇ ਅਧਾਰਤ ਹਨ ਵੇਚੇ ਹਨ ਜਿਸ ਉਤੇ ਚੀਨ ਸਰਕਾਰ ਨੇ ਵਿਰੋਧ ਪਰਗਟ ਕੀਤਾ ਹੈ। ਇਹੀ ਇਕ ਕਾਰਨ ਹੈ ਦੋਵਾਂ ਦੇ ਸਬੰਧਾਂ ਵਿਚ ਵਿਗਾੜ ਦਾ ਜੋ ਕਿ ਸੰਸਾਰ ਅਮਨ ਲਈ ਖਤਰਾ ਪੈਦਾ ਕਰ ਸਕਦਾ ਹੈ। ਇਕ ਸਮੇਂ ਅਮਰੀਕਾ ਚੀਨ ਨੂੰ ਯੂ.ਐਨ.ਓ. ਦਾ ਮੈਂਬਰ ਨਹੀਂ ਬਣਨ ਦਿੰਦਾ ਸੀ। ਪਰ ਨਾਲ ਹੀ ਪੈਰਿਸ ਵਿਚ ਰੂਸ ਦੇ ਵਿਰੋਧ ਵਿਚ ਅਤੇ ਪਰਸਪਰ ਹਿਤਾਂ ਲਈ ਗੁਪਤ ਮੀਟਿੰਗਾਂ ਚੀਨ ਨਾਲ ਕਰ ਰਿਹਾ ਸੀ। ਉਸ ਵੇਲੇ ਅਮਰੀਕਾ ਚੀਨ ਨੂੰ ਰੂਸ ਵਿਰੁਧ ਵਰਤ ਰਿਹਾ ਸੀ ਅਤੇ ਅਜ ਰੂਸ ਅਤੇ ਭਾਰਤ ਨੂੰ ਚੀਨ ਵਿਰੁਧ ਵਰਤਣ ਦੀ ਨੀਤੀ ਉਤੇ ਚਲ ਰਿਹਾ ਹੈ। ਰੂਸ ਨੂੰ ਵੀ ਤਸੱਲੀ ਦਿਤੀ ਜਾ ਰਹੀ ਹੈ ਕਿ ਬਲਾਸਟਿਕ ਮਿਸਲ ਸੁਰੱਖਿਆ ਯੋਜਨਾ ਤੋਂ ਉਸਨੂੰ ਕੋਈ ਖਤਰਾ ਨਹੀਂ, ਕਿ ਇਹ ਤਾਂ ਅਮਰੀਕਾ ਅਤੇ ਉਸਦੇ ਮਿਤਰ ਦੇਸ਼ਾਂ ਦੀ ਸੁਰੱਖਿਆ ਲਈ ਹੀ ਹੈ।

ਜੇ ਅਮਰੀਕੀ ਡੈਲੀਗੇਸ਼ਨਾਂ ਧਾਤਾਂ ਭਾਰਤ ਉਤੇ ਡੋਰੇ ਪਾਉਣ ਲਈ ਧੜਾ ਧੜ ਨਵੀਂ ਦਿੱਲੀ ਪੁਜ ਰਹੀਆਂ ਹਨ ਭਾਂਵੇਂ ਅਮਰੀਕਾ ਨੇ ਭਾਰਤ ਦੇ ਪ੍ਰਮਾਣੂ ਧਮਾਕਾ ਕਰਨ ਸਮੇਂ ਤੋਂ ਲਾਈਆਂ ਪਾਬੰਧੀਆਂ ਅਜੇ ਹਟਾਈਆਂ ਨਹੀਂ ਹਨ। ਦੂਜੇ ਪਾਸੇ ਚੀਨੀ ਨੇਤਾ ਵੀ ਅਵੇਸਲੇ ਨਹੀਂ ਲਗਦੇ ਉਨਾਂ ਨੇ ਭਾਰਤ ਸਮੇਤ ਏਸ਼ੀਆਂ ਦੇ ਦੇਸਾਂ ਨਾਲ ਚੰਗੇਰੇ ਸਬੰਧ ਕਾਇਮ ਕਰਨੇ ਸ਼ੁਰੂ ਕਰ ਦਿੱਤੇ ਹਨ। ਕਈ ਡੈਲੀਗੇਸ਼ਨ ਇੰਡੀਆ ਆਏ ਅਤੇ ਇੰਡੀਆ ਤੋਂ ਕਈ ਵਫਦਦ ਚੀਨੀ ਯਾਤਰਾ ਕਰ ਆਏ ਹਨ। ਇਸ ਸਮੇਂ ਚੀਨੀ ਨੇਤਾ ਪ੍ਰਧਾਨ ਮੰਤ੍ਰੀ ਪਾਕਿਸਤਾਨ, ਨੇਪਾਲ, ਸ੍ਰੀ ਲੰਕਾ, ਮਾਲਦੀਪ ਅਤੇ ਥਾਈਲੈਂਡ ਵਰਗੇ ਅਮਰੀਕਨ ਅਸਰ ਵਾਲੇ ਦੇਸਾਂ ਦੇ ਗਿਆਰਾਂ ਇਦਨਾਂ ਦੌਰੇ ਉਤੇ ਹਨ। ਅਮਰੀਕਾ ਦਾ ਭਾਰਤ ਦੇ ਨੇੜੇ ਹੋਣਾ ਪਾਕਸਤਾਨ ਨੂੰ ਚੀਨ ਹੋਰ ਨੇੜੇ ਕਰ ਰਿਹਾ ਹੈ। ਇਹ ਤਾਂ ਸਮਾਂ ਹੀ ਦਸੇਗਾ ਕਿ ਅਮਰੀਕਾ - ਚੀਨ ਸਬੰਧਾਂ ਦੇ ਵਿਗਾੜ ਵਿਚੋਂ ਕੌਣ ਕੀ ਖੱਟਦਾ ਹੈ।

ਸੰਗਤ ਦਰਸ਼ਨ ਕਿ ਚੋਣ ਮੁਹਿੰਮ

ਪੰਜਾਬ ਵਿਚ ਆ ਰਹੀਆਂ ਅਸੰਬਲੀ ਚੋਣਾਂ ਬਾਰੇ ਕਾਫੀ ਚਰਚਾ ਚਲ ਰਹੀ ਹੈ। ਲਗਭਗ ਇਕ ਸਾਲ ਤੋਂ ਚੋਣਾਂ ਦੀਆਂ ਤਿਆਰੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ ਵਲੋਂ ਜਾਰੀ ਹਨ। ਇੰਜ ਲਗਦਾ ਹੈ ਕਿ ਪਾਰਟੀਆਂ ਦਾ ਚੋਣਾਂ ਲੜਨ ਤੋਂ ਬਗੈਰ ਕੋਈ ਹੋਰ ਪ੍ਰੋਗਰਾਮ ਹੀ ਨਹੀਂ ਰਹਿ ਗਿਆ। ਕੈਪਟਨ ਅੰਮਿਰਦਰ ਸਿੰਘ ਜਦੋਂ ਤੋਂ ਕਾਂਗਰਸ ਦੇ ਪ੍ਰਧਾਨ ਬਣੇ ਹਨ ਚੋਣਾਂ ਦੀ ਚਣਾਂ ਪੁਕਾਰੀ ਜਾਂਦੇ ਹਨ। ਪਾਰਟੀ ਦੀ ਨੀਤੀ ਪ੍ਰੋਗਰਾਮ ਬਾਰੇ ਕਦੇ ਕੋਈ ਅਸਲੀ ਪ੍ਰੋਗਰਾਮ ਨਹੀਂ ਉਲੀਕਦੇ। ਜਾਂ ਫਿਰ ਅੰਦਰੂਨੀ ਧੜੇਬੰਦੀ ਵਿਚ ਰੁਝੇ ਰਹਿੰਦੇ ਹਨ। ਫਿਰ ਵੀ ਭਾਵੇਂ ਚੋਣਾਂ ਸਮੇਂ ਸਿਰ ਫਰਵਰੀ 2002 ਵਿਚ ਹੀ ਹੋਣ ਤਾਂ ਵੀਂ ਕੇਵਲ ਅਠਕੁ ਮਹੀਨੇ ਹੀ ਬਾਕੀ ਰਹਿੰਦੇ ਹਨ। ਅਜ ਦੀ ਰਾਜਸੀ ਸਥਿਤੀ ਦਾ ਵਿਸ਼ਲੇਸਨ ਕਰੀਏ ਤਾਂ ਪਤਾ ਚਲਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਨਹੀਂ ਚਲਾ। ਰਿਹਾ ਸਗੋਂ ਸਰਕਾਰ ਅਕਾਲੀਦਲ ਨੂੰ ਚਲਾ ਰਹੀ ਹੈ। ਖੁਫੀਆ ਏਜੇਂਸੀਆਂ ਦੀਆਂ ਖੁਫੀਆ ਰਪਿਰਟਾਂ ਅਨੁਸਾਰ ਬਾਦਲ-ਬੀ.ਜੇ.ਪੀ. ਗਠਜੋੜ ਨੂੰ ਇਸ ਸਮੇਂ ਕੇਵਲ ਪੰਜਾਹ ਕੁ ਸੀਟਾਂ ਹੀ ਮਿਲ ਸਕਦੀਆਂ ਹਨ ਜਿੰਨਾਂ ਵਿਚ ਬੀ.ਜੇ.ਪੀ. ਦੀਆਂ ਚਾਰ ਜਾਂ ਪੰਜ ਸੀਟਾਂ ਹੀ ਆਉਂਦੀਆਂ ਹਨ। ਵਰਤਮਾਨ ਵਿਧਾਨ ਸਭਾ ਵਿਚ ਗਠਜੋੜ ਦੀਆਂ 93 ਸੀਟਾਂ ਹਨ। ਹੁਣ ਵੇਖਣ ਵਾਲੀ ਗਲ ਇਹ ਹੈ ਕਿ 10 ਮਈ ਨੂੰ ਹੋਈਆਂ ਚੋਣਾਂ ਦੇ ਨਤੀਜੇ ਪੰਜਾਬ ਉਤੇ ਕ੍ਰੀ ਅਸਰ ਪਾਉਣਗੇ। ਇਸਲਈ ਮੁਖਮੰਤ੍ਰੀ ਬਾਦਲ ਆਪਣੀ ਪਾਰਟੀ ਦੀ ਵਿਗੜ ਰਹੀ ਨੁਹਾਰ ਨੂੰ ਸੁਧਾਰਨ ਖਾਤਰ ਸੰਗਤ ਦਰਸ਼ਨਾਂ ਦੀ ਲੜੀ ਜਾਰੀ ਰਖ ਰਹੇ ਹਨ ਅਤੇ ਇਸ ਤਰ੍ਹਾਂ ਲੋਕਾਂ ਨਾਲ ਸਿਧਾ ਸੰਪਰਕ ਕਰ ਰਹੇ ਹਨ। ਵਿਰੋਧੀ ਪਾਰਟੀਆਂ ਇਸਤੋਂ "ਗਲਤ ਅੰਦਾਜ਼" ਲਾ ਲੈਂਦੀਆਂ ਹਨ ਕਿ ਕੇਂਦਰ ਨੇੜੇ ਹੀ ਹਨ। ਬ੍ਰਾਦਲ ਸਾਹਿਬ ਆਉਣ ਵਾਲੀਆਂ ਚੋਣਾਂ ਵਿਚ ਵਿਕਾਸ ਨੂੰ ਮੁਖ ਮੁਦਾ ਬਣਾਉਣਗੇ। ਏਸੇ ਲਈ ਉਹ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਲਈ ਗਰਾਂਟਾਂ ਦੇ ਖੁਲੇ ਗਫੇ ਬਖਸ਼ ਰਹੇ ਹਨ। ਜਿਸ ਮਜੀਠੇ ਹਲਕੇ ਵਿਚ ਉਹ ਚਾਰ ਸਾਲ ਨਹੀਂ ਗਏ ਉਸ ਵਿਚ ਤਿੰਨ ਗੇੜੇ ਮਾਰ ਆਏ ਹਨ। ਕਲ ਉਹ ਸਰਦਾਰਨੀ ਸੁਰਿੰਦਰ ਕੌਰ ਬ੍ਰਾਦਲ ਦੀ ਤਬੀਅਤ ਖਰਾਬ ਹੋਣ ਕਾਰਨ ਇਕ ਪਿੰਡ ਵਿਚ ਹੋ ਰਿਹਾ ਸੰਗਤ ਦਰਸ਼ਨ ਵਿਚੇ ਛਡ ਕੇ ਵਾਪਸ ਚੰਡੀਗੜ੍ਹ ਚਲੇ ਗਏ। ਦੂਜ

What is the Liberal plan for BC Hydro

The Liberal candidate in Abbotsford - Mount Lehman has raised the spectra of dramatically higher energy costs for BC consumers.

At a public forum here last night, the candidates were asked if they would privatize BC Hydro. All candidates, except the Liberal, responded with an unequivocal "no".

Mike de Jong, the current MLA, repeated the answer that Liberal leader Gordon Campbell gave during the televised leaders, debate. "We will not privatize the dams, generating stations or transmission lines," he said

But Mr. De Jong - who continued to face persistent questions from members of the public - finally said his party, would consider privatizing BC Hydro's distribution system.

"There goes the guts of BC Hydro," said Taranjit Purewal, the NDP candidate."If the distribution system is sold off to private corporations, that will result in dramatic increases in BC Hydro rates. Haven't the Liberals learned anything from the disastrous effects of privatization and deregulation in places like Alberta and California?"

"The previous Social Credit government privatized BC Gas, and just look what has happened to your natural gas bill. Ordinary people can't afford to have that kind of increase in electricity prices as well," Purewal said.

Free Tips on How to Determine Your Computer Requirements!

The Abbotsford Chamber Business Info Centre offers local business operators and supervisors a timely, free business session dubbed Help!!! What Computer Equipment and Upgrades Do I Need Now?

On May 18111, 2001 Aaron Greenhalgh of MSA Computer Upgrade (recipient of the 2000 Abbotsford Retailer Business Excellence Award) will help small business operators and supervisors to understand and deal with today's demands of managing computer equipment - software,

"Aaron will give you assistance with computing issues specific to your needs and expose you to industry best practices," Says Chris Smith, Executive Director1 Abbotsford Chamber of Commerce.

Greenhalgh will share helpfull tips on determining your computing requirements including viewing the computer as a productivity tool, identifying critical success factors in computer management3 the importance of a technology plan and understanding the computer's competitive advantage.

He will also explain how to recognize hidden computing costs, prepare for disaster recovery with security and backups, Internet high speed access and virus protection, whether to network or not to network and how to plan for upgrades and replacements of software and hardware.

Help!!! What Computer Equipment & Upgrades do ! Need Now? Session with Aaron Greenhalgh takes places, Friday, May 18th 9:00 - 10:30 a.m. at the Abbotsford Chamber Business Info Centre, 2462 McCallum Road. Admission is free with pre-registration only. Call Ingrid Epp at the Abbotsford Chamber Business Info Centre (604) 859-9651 ext. 302.

ਧਰਮ ਪ੍ਰਮਾਤਮਾ ਦੀ ਅਰਾਧਨਾ ਦਾ ਮਾਰਗ -ਇਕ ਸੋਚ

ਗੁਰਬਚਨ ਸਿੰਘ ਪ੍ਰੋਫੈਸਰ

ਖੂਨ ਦਾ ਰੰਗ ਹਮੇਸ਼ਾ ਲਾਲ ਹੀ ਹੋਵੇਗਾ ਚਾਹੇ ਉਹ ਕਿਸੇ ਵੀ ਧਰਮ ਦਾ ਕਿਉਂ ਨਾਂ ਹੋਵੇ। ਤਾਂ ਫੇਰ ਸਵਾਲ ਪੈਦਾ ਹੁੰਦਾ ਹੈ ਕਿ ਵਖੱਰੇ ਵੱਖਰੇ ਧਰਮਾਂ ਤੇ ਕੀ ਭਾਵ ਹੋਇਆ? ਡਾਰਵਿਨ ਦੀ ਥਿਯੂਰੀ ਔਫ ਐਵੋਲਿਸ਼ਨ ਦੇ ਮੁਤਾਬਿਕ ਸਭ ਤੋ ਪਹਿਲਾਂ ਅਮੀਬਾ ਦੀ ਹੋਂਦ ਹੋਈ । ਹੋਲੀ ਹੋਲੀ ਸਮੇਂ ਦੇ ਹਿਸਾਬ ਨਾਲ ਵਰਟੀਬਰੇਟ, ਮੈਮਲਸ, ਬੰਦਰ ਅਤੇ ਵਨ ਮਾਨੁਸ਼ ਆਦਿ ਦੀ ਹੋਂਦ ਹੋਈ ਜੋ ਕਿ ਸਰਵਾਇਵਲ ਆਫ ਦੀ ਫਿਟੈਸਟ ਪੂਰੀ ਤਰਾਂ ਸਿੱਧ ਕਰਦੀ ਹੈ। ਭਾਵ ਸਮਾਂ ਪੈ ਕੇ ਕੁਝ ਕੁ ਨਸਲਾਂ ਦੀ ਰੂਪ ਰੇਖਾ ਹੋਲੀ ਹੋਲੀ ਖੱਤਮ ਹੋਈ ਅਤੇ ਕੁਝ ਨਵੀਆਂ ਦਾ ਵਿਕਾਸ ਹੋਇਆ।

ਇਹ ਤਾਂ ਬਿਲਕੁਲ ਸੱਚ ਹੈ ਕਿ ਮਾਨਵ ਸੱਭ ਨਾਲੋ ਵਿਕਸਤ ਪ੍ਰਾਣੀ ਸੰਸਾਰ ਅੰਦਰ ਹੁਣ ਤੱਕ ਪ੍ਰਮਾਤਮਾ ਨੇ ਸਿਰਜਿਆ। ਇਸ ਵਿੱਚ ਜੋ ਸੋਚਣ ਦੀ ਸ਼ਕਤੀ ਪ੍ਰਮਾਤਮਾ ਨੇ ਬਖਸ਼ੀ ਹੈ ਹੋਰ

ਕਿਸੇ ਪ੍ਰਾਣੀ ਨੂੰ ਪ੍ਰਮਾਤਮਾ ਨੇ ਨਹੀਂ ਦਿਤੀ । ਸ਼ੁਰੂ ਸ਼ੁਰੂ ਦੀਆਂ ਸਭਿਅਤਾਵਾਂ ਦੀ ਸਟੱਡੀ ਦਸਦੀਹੈ ਕਿ ਮਾਨਵ ਜੰਗਲਾਂ ਵਿੱਚ ਨਦੀਆਂ ਦੇ ਕੰਢੇ ਪਾਣੀ ਨੇੜੇ ਆਪਣਾ ਟਿਕਾਣਾ ਬਣਾਉਂਦਾ ਸੀ

ਅਤੇ ਸ਼ਿਕਾਰ ਕਰਕੇ ਪੇਟ ਭਰਦਾ ਸੀ। ਹੋਲੀ ਹੋਲੀ ਔਜ਼ਾਰਾਂ ਦੀ ਮਦਦ ਨਾਲ ਜ਼ਮੀਨ ਨੂੰ ਵਰਤੋਂਵਿੱਚ ਲਿਆ ਕੇ ਪੌਦਿਆਂ ਨੂੰ ਖੁਰਾਕ ਬਣਾਇਆ ਅਤੇ ਖੇਤੀ ਨੇ ਰੂਪ ਧਾਰਨ ਕੀਤਾ। ਸ਼ਿਕਾਰ

ਨਾਲ ਮਿਲੀ ਖੱਲ ਆਦਿ ਦਾ ਕੱਪੜੇ ਦੀ ਜਗਾਹ ਤੇ ਪ੍ਰਯੋਗ ਕਰਕੇ ਤਨ ਢਕਣ ਦਾ ਵਸੀਲਾ ਕੀਤਾ। ਇਸ ਤਰਾਂ ਕੁਝ ਕੁ ਮਾਨਵ ਇਕ ਜਗਹ ਰਹਿਣ ਲਗੇ ਹੋਣਗੇ ਅਤੇ ਉਸ ਦਾ ਨਾਮ "ਕਬੀਲਾ" ਪੈ ਗਿਆ।

ਕਬੀਲੇ ਇਸ ਗਲ ਨੂੰ ਸਾਬਿਤ ਕਰਦੇ ਹਨ ਕਿ ਮਾਨਵ ਇਕ ਸਮਾਜਿਕ ਪ੍ਰਾਣੀ ਹੋਣ ਕਰਕੇ ਇਕਲਾ ਨਹੀ ਰਹਿ ਸਕਦਾ। ਹੋਲੀ ਹੋਲੀ ਆਪਣੇ ਆਪ ਨੂੰ ਵਿਕਸਤ ਕਰਨ ਵਾਸਤੇ ਇਹ ਕਬੀਲੇ ਇਕ "ਸਭਿਅਤਾ" ਵਿਚ ਤਬਦੀਲ ਹੋਏ। ਜ਼ਾਹਿਰ ਹੈ ਕਿ ਇਕ ਸਭਿਅਤਾ ਨੇ ਰੋਜ਼

ਮਰਾਂ ਦੀ ਜ਼ਿੰਦਗੀ ਬਸਰ ਕਰਨ ਵਾਸਤੇ ਟਾਇਮ ਟਾਇਮ ਨਾਲ ਕੁਝ ਅਸੂਲਾਂ ਜਾਂ ਨਿਯਮਾਂ ਨੂੰ ਲਾਗੂ ਕੀਤਾ। ਉਨਾਂ ਅਸੂਲਾਂ ਜਾਂ ਨਿਯਮਾਂ ਤੇ ਚਲਣਾ ਉਸ ਸਭਿਅਤਾ ਦਾ ਇਕ ਹਿੱਸਾ ਬਣ ਗਿਆ ਜਿਸ ਤੇ ਚਲਣਾ ਉਸ ਸਭਿਅਤਾ ਦੇ ਲੋਕਾਂ ਵਾਸਤੇ ਲਾਜ਼ਮੀ ਹੋ ਗਿਆ। ਦੂਜੇ ਪਾਸੇ ਜੇ ਸੋਚਿਆ ਜਾਵੇ ਤਾਂ ਪ੍ਰਮਾਤਮਾ ਸਰਵਸ਼ਕਤੀਮਾਨ ਹੈ। ਉਹ ਮਾਨਵ ਜੋ ਉਸੇ ਦੀ ਇਕ ਰਚਨਾ ਹੈ ਉਸ ਤੋ ਕਿਸ ਤਰ੍ਹਾਂ ਮੂੰਹ ਮੋੜ ਸਕਦਾ ਸੀ। ਉਸ ਦੀ ਹੋਂਦ ਵੀ ਮਾਨਵ ਵਾਸਤੇ ਮੰਨਣੀ ਜ਼ਰੂਰੀ ਸੀ। ਪਰ ਕਿਉਂਕਿ ਮਾਨਵ ਨੂੰ ਪ੍ਰਮਾਤਮਾ ਨੇ ਦਿਮਾਗ ਦੀ ਤਾਕਤ ਬਖਸ਼ੀ ਉਹ ਉਸ ਦਾ ਇਸਤੇਮਾਲ ਕਰਕੇ ਸਾਇੰਸ ਇਜ਼ਾਦ ਕਰ ਬੈਠਾ। ਇਸ ਤਰਾਂ ਸ਼ੁਰੂ ਹੋ

ਗਈ ਮਾਨਵ ਅਤੇ ਪਰਮਾਤਮਾ ਵਿੱਚ ਜੰਗ। ਮਾਨਵ ਨੇ ਚੰਦ ਤੇ ਵਿਜਯ ਹਾਸਿਲ ਕੀਤੀ। ਜਦੋਂ ਸਾਇੰਸ ਹਰ ਇਕ ਕਿਰਿਆ ਦਾ ਕੋਈ ਨਾਂ ਕੋਈ ਕਾਰਣ ਦਸਦੀ ਹੈ ਤਾਂ ਪੈਦਾ ਹੋਇਆ "ਨਾਸਤਿਕ" ਵਾਦ। ਮਾਨਵ ਨੇ ਇਹ ਮੰਨਿਆ ਕਿ ਮੈ ਤਾਂ ਸਭ ਕੁਝ ਕਰ ਸਕਦਾ ਹਾਂ ਤਾਂ

ਪਰਮਾਤਮਾ ਦਾ ਕੀ ਰੋਲ ਹੈ। "ਰੋਬੋਟਿਕਸ" ਤਾਂ ਇਸ ਮਾਨਵ ਨੇ ਇਜ਼ਾਦ ਕਰ ਲਏ ਪਰ ਕੀ ਉਹ ਉਹਨਾਂ ਵਿਚ ਜਾਨ ਪਾ ਸਕਿਆ? ਕੰਪਯੂਟਰ ਦਾ ਸੀ ਪੀ ਯੂ ਯਾਨੀ ਦਿਮਾਗ ਤਾਂ ਇਜ਼ਾਦ ਕਰ ਦਿਤਾ ਪਰ ਉਸ ਨੂੰ ਵੀ ਇੰਡੀਪੈਂਡੈਂਟ ਕੰਮ ਕਰਨ ਵਾਸਤੇ ਸਾਫਟਵੇਅਰ ਤੇ ਨਿਰਭਰ ਕਰਨਾ ਪਿਆ।

ਕਦੇ ਕਦੇ ਸੁਣਿਆਂ ਹੋਣਾ ਹੈ ਕਿ ਕਿਸੇ ਬੰਦੇ ਨੂੰ ਡਾਕਟਰ ਨੇ ਜਵਾਬ ਦੇ ਦਿਤਾ ਕਿ ਇਹ ਇਸ ਬੀਮਾਰੀ ਤੋਂ ਬਚ ਨਹੀ ਸਕਦਾ ਪਰ ਉਹ ਪੂਰਾ ਪ੍ਰਮਾਤਮਾ ਤੇ ਵਿਸ਼ਵਾਸ਼ ਕਰਕੇ ਕਿਸੇ ਤਰਾਂ ਠੀਕ ਹੋ ਜਾਂਦਾ ਹੈ ਤਾਂ ਸਾਇੰਸ ਕਿਥੇ ਗਈ ? ਇਸ ਦਾ ਮਤਲਬ ਇਹ ਹੋਇਆ ਕਿ ਕੋਈ ਤਾਂ ਤਾਕਤ ਹੈ ਜਿਹੜੀ ਇਸ ਸ਼ੁਸਟੀ ਨੂੰ ਚਲਾ ਰਹੀ ਹੈ। ਇਕ ਪਾਸੇ ਇਸ ਕਰਕੇ ਬੰਦਾ ਪ੍ਰਮਾਤਮਾ ਨੂੰ ਮੰਨਦਾ ਹੈ ਕਿ ਇਹ ਸ਼ਿਸ਼ਟੀ ਉਸ ਦੀ ਸਾਜੀ ਹੋਈ ਹੈ ਅਤੇ ਜੋ ਵੀ ਕੁਝ ਹੋ ਰਿਹਾ ਹੈ ਉਸ ਦੀ ਰਜ਼ਾ ਨਾਲ ਹੋ ਰਿਹਾ ਹੈ।

ਦੂਜੇ ਪਾਸੇ ਉਹ "ਸਭਿਅਤਾ" ਦੇ ਅਸੂਲ ਹੌਲੀ ਹੌਲੀ ਸਮੇਂ ਦੇ ਹਿਸਾਬ ਨਾਲ ਬਦਲੀ ਹੋਏ। ਕੀ ਉਹੀ ਨਿਯਮ ਜਾਂ ਅਸੂਲ ਕਾਇਦੇ ਕਾਨੂੰਨ ਇਕ "ਧਰਮ" ਦਾ ਰੂਪ ਨਹੀ ਬਣੇ ? ਜੇ ਓਹੀ ਨਿਯਮ ਇਕ "ਧਰਮ" ਬਣੇ ਤਾਂ ਉਹ ਤਾਂ ਇਕ ਰਹਿਣ ਵਾਸਤੇ ਇਕ ਨਿਯਮਾ ਦੀ ਪਰਮਪਰਾ ਸੀ ਜਿਸ ਤੇ ਇਕ ਵਰਗ ਦੇ ਬੰਦੇ ਚਲਦੇ ਤਾਂ ਉਹਨਾਂ ਨੂੰ ਕੁਝ ਖਾਸ ਧਰਮ ਨਾਲ ਪੁਕਾਰਿਆ ਜਾਂਦਾ। ਇਸ ਦਾ ਸਹੀ ਰੂਪ ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਜਿਸ ਤਰਾਂ ਇਕ ਸਰਕਾਰ ਦੇ ਕੁਝ ਨਿਯਮ ਹੁੰਦੇ ਹਨ ਤੇ ਦੂਜੀ ਸਰਕਾਰ ਦੇ ਕੁਝ ਹੋਰ। (ਫਰਕ ਸਿਰਫ ਇਕ ਗਲ ਦਾ ਹੈ ਕਿ ਸਰਕਾਰਾਂ ਵਿਚ ਰਾਜਨੀਤੀ ਵੀ ਆ ਜਾਂਦੀ ਹੈ)। ਜ਼ਾਹਿਰ ਹੈ ਇਕ ਧਰਮ ਨੂੰ ਦੂਜੇ ਨਾਲੋਂ ਅਲੱਗ ਰੂਪ ਦੇਣ ਵਾਸਤੇ ਉਸ ਦੇ ਮੈਂਬਰ ਦੂਜੇ ਨਾਲੋ ਅਲਗ ਰੂਪ ਰੇਖਾ ਦੇ ਲਗਣ। ਰੀਤੀ ਰਿਵਾਜ਼ ਵੀ ਵੱਖਰੇ ਵੱਖਰੇ ਬਣੇ। ਬਾਣਾ ਵੱਖਰਾ ਵੱਖਰਾ ਬਣਿਆ।

ਕਿਸੇ ਧਰਮ ਨੇ ਪ੍ਰਮਾਤਮਾ ਨੂੰ ਕੁਝ ਨਾਮ ਦਿਤਾ ਅਤੇ ਕਿਸੇ ਨੇ ਕੁਝ। ਅਲੱਹ, ਈਸ਼ਵਰ ਭਗਵਾਨ ਆਦਿ। ਇਸਾਮਸੀਹ, ਰਾਮ, ਗੁਰੂਨਾਨਕ, ਕ੍ਰਿਸ਼ਨ, ਬੁਧ ਕੀ ਇਕ ਪ੍ਰਮਾਤਮਾ ਨੂੰ ਮਿਲਣ ਦੇ ਅਲਗ ਅਲਗ ਰਸਤੇ ਨਹੀਂ ? ਇਸਾਹਮਸੀਹ ਨੇ ਕਿਹਾ "ਮੈ ਪ੍ਰਮਾਤਮਾ ਹਾਂ "।

ਸਚਮੁਚ ਉਹ ਪ੍ਰਮਾਤਮਾ ਨਹੀਂ ਸੀ ਪਰ ਉਸ ਨੇ ਇਸ ਗਲ ਨੂੰ ਜਿਸ ਢੰਗ ਨਾਲ ਕਿਹਾ ਉਹ ਪ੍ਰਮਾਤਮਾ ਨੂੰ ਹੀ ਮੰਨਣ ਨੂੰ ਪ੍ਰੇਰਤ ਕਰਦੀ ਹੈ। ਉਸ ਨੇ ਲੋਕਾਂ ਨੂੰ ਕਿਹਾ ਕਿ ਜਿਸ ਤਰਾਂ ਕੀੜਿਆਂ ਦੇ ਭਾਉਣ ਨੂੰ ਇਕ ਬੁਲਡੋਜ਼ਰ ਦੀ ਮਾਰ ਤੋਂ ਇਕ ਕੀੜਾ ਹੀ ਉਹਨਾਂ ਨੂੰ ਪ੍ਰੇਰਤ ਕਰ ਸਕਦਾ ਹੈ ਉਸੇ ਤਰਾਂ ਉਸ ਨੇ ਵੀ ਉਹਨਾਂ ਵਿਚ ਆਕੇ ਉਹਨਾਂ ਨੂੰ ਸਾਵਧਾਨ ਕੀਤਾ।

ਜਿਹੜਾ ਇਨਸਾਨ ਜਿਸ ਪਰਿਵਾਰ ਵਿਚ ਜਨਮ ਲੈਂਦਾ ਹੈ ਉਸੇ ਹੀ ਧਰਮ ਨੂੰ ਉਸ ਨੂੰ ਅਪਨਾਉਣਾ ਪੈਂਦਾ ਹੈ ਕਿਉਂਕਿ ਉਸ ਨੂੰ ਉਹਨਾਂ ਰੀਤੀ ਰਿਵਾਜ਼ਾ ਤੇ ਬਚਪਨ ਤੋ ਚਲਣਾ ਪੈਂਦਾਹੈ। ਕੋਈ ਵੀ ਧਰਮ ਜੋ ਦੂਸਰੇ ਧਰਮ ਦੀ ਨਿੰਦਿਆ ਕਰਦਾ ਹੈ ਉਸ ਨੂੰ ਕੋਈ ਹਕ ਨਹੀਂ ਕਿ ਇਸ ਪ੍ਰਮਾਤਮਾ ਦੀਆਂ ਵੀ ਵੰਡੀਆਂ ਪਾਵੇ। ਇਸ ਤਰਾਂ ਇਕ ਦੂਜੇ ਧਰਮ ਦੀ ਪੜਚੋਲ ਕਰਕੇ ਅਸੀਂ ਇਸ ਇਸ਼ਟ ਦੀ ਹੀ ਨਰਾਦਰੀ ਕਰਾਂਗੇ । ਤੇ ਫਿਰ ਇਸ ਤਰਾਂ ਇਕ "ਨਫਰਤ" ਦਾ ਮਾਹੌਲ ਬਣੇਗਾ। ਕੀ ਅਸੀਂ ਉਹੀ ਰਾਜਨੀਤੀ ਪੱਖ ਵੱਲ ਨੂੰ ਨਹੀਂ ਚਲੇ ਜਾਂਵਾਂਗੇ ?

ਇਸ ਤਰਾਂ ਕੀ ਅਸੀ "ਧਰਮ" ਦੀ ਪਰਿਭਾਸ਼ਾ ਨੂੰ ਇਕ ਹੋਰ ਹੀ ਰੂਪ ਨਹੀਂ ਦਿਤਾ ਹੋਇਆ ?

ਧਰਮ ਤਾਂ ਇਕ ਪ੍ਰਮਾਤਮਾ ਦੀ ਪ੍ਰਾਪਤੀ ਦਾ ਰਾਹ ਕਿਹਾ ਜਾ ਸਕਦਾ ਹੈ। ਜਾਂ ਮੋਕਸ਼ ਪ੍ਰਾਪਤ ਕਰਨ ਦਾ ਵਸੀਲਾ। ਤੇ ਫਿਰ ਜੋ ਪ੍ਰਮਾਤਮਾ ਨੂੰ ਮਿਲਣ ਦੀ ਤਾਂਗ ਰੱਖਦਾ ਹੈ ਉਸ ਨੂੰ ਤਾਂ ਇਨਸਾਨੀਅਤ ਹੀ ਇਕੋ ਇਕ ਧਰਮ ਸੰਸਾਰ ਵਿਚ ਲਗੇਗਾ। ਵਖਰੀ ਵੱਖਰੀ ਰੂਪ ਰੇਖਾ ਜ਼ਰੂਰਇਸ ਕਾਇਨਾਤ ਤੇ ਉਸ ਨੂੰ ਲਗੇਗੀ। ਪਰ ਸਾਰੇ ਰਸਤਿਆਂ ਦੀ ਮੰਜ਼ਿਲ ਇਕ ਹੀ ਲਗੇਗੀ। ਤੇਇਸ ਸੋਚ ਤੇ ਪਹੁੰਚ ਕੇ ਫਿਰ "ਆਤਮਾ" ਵੀ "ਪ੍ਰਮਾਤਮਾ" ਦਾ ਅੰਸ਼ ਹੈ ਸਾਬਿਤ ਹੋ ਜਾਵੇਗਾ।

ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣ॥

ਆਓ ਇਤਨੇ ਮਹਾਨ ਗੁਰੂ ਗ੍ਰੰਥ ਸਾਹਿਬ ਦੇ ਇਸ ਆਦੇਸ਼ ਨੂੰ ਆਪਸੀ ਵਿਤਕਰੇ ਤੋਂ ਉਪਰ ਉਠ ਕੇ ਇਨਸਾਨੀਅਤ ਦੇ ਹੀ ਧਰਮ ਨੂੰ ਮਹਾਨ ਸਾਬਤ ਕਰੀਏ।

ਜਾਂ

ਰੋਜ਼ ਬੈਨਟ ਤੇ ਉਜਾਲ ਦੋਸਾਂਝ	ਰੈਂਡੀ ਹੋਅਸ
ਸਿਹਤ ਸਭ ਤੋਂ ਪਹਿਲਾਂ	ਟੈਕਸ ਕਟੌਤੀ ਉਸ ਤੋਂ ਭੀ ਪਹਿਲਾਂ
ਵਧੀਆ ਆਵੋਹਵਾ ਪਰੋਟੈਕਸ਼ਨ	ਕਮਜੋਰ ਆਵੋਹਵਾ ਪਰੋਟੈਕਸ਼ਨ
ਫੀਸਾਂ ਵਿੱਚ ਘਟੌਤੀ	ਫੀਸਾਂ ਵਧਾ ਸਕਦੇ ਹਨ
ਘੱਟੋਘੱਟ ਤਨਖਾਹ ਵਿੱਚ ਵਧੌਤੀ	ਇਸ ਵਧੌਤੀ ਦੀ ਵਿਰੋਧਤਾ
ਗਰਭਪਾਤ ਚੁਨਣ ਦਾ ਹੱਕ	ਇਸ ਗੱਲ ਤੇ ਆਪਸੀ ਫੁਟ
ਨਿਸ਼ਗਾ ਟਰੀਟੀ ਦੇ ਹੱਕ ਵਿੱਚ	ਨਿਸ਼ਗਾ ਟਰੀਟੀ ਦੀ ਵਿਰੋਧਤਾ
ਬੀ ਸੀ ਹਾਈਡਰੋ ਪਬਲਿਕ ਰਹੇਗੀ	ਹਾਈਡਰੋ ਦੇ ਭਵਿੱਖ ਵਾਰੇ ਸਾਫ ਨਹੀਂ
ਚਾਈਲਡ ਕੇਅਰ ਵਿੱਚ ਵਧੌਤੀ	ਇਸ ਵਧੌਤੀ ਦੀ ਵਿਰੋਧਤਾ

ਫੈਸਲਾ ਤੁਸੀਂ ਕਰੋ

Campaign Volunteer Moe Gidda with Rose Bennett.
"Rose Bennett is the only candidate in the riding that understands and will work for the issues of the Punjabi people of Maple Ridge - Mission."

Moe Gidda

Authorized by Roseanne Moran, financial agent, BC New Democrats (604) 430-8600 CEP 467

Unsolved Mysteries

Submitted by B.M. MacDonald

Do you know where to buy a cap for your knee
Or a key for a lock of your hair?
Can your eyes be called Academy
Because there are pupils there?
In the crown of your head
What jewels can be found?
Would you store linen on your chest?
If you have an adams apple, where is your apple?
Who travels the bridge of your nose?
If you wanted to shingle the roof of your mouth
Would you use the nails of your fingers and toes?
Can you sit in the shade of the palm of your hands
Or beat on the drums of your ear?
If the calf of your leg eats the corn on your toe
Then why not grow corn on the ear?
Can the crook of your elbow be sent to jail?
If so, what did he do?
Do you know how to sharpen your shoulder blades?
Can you tell me?
I can't tell you.

